# ਅਗਰਬੱਤੀ

*ਇਸੇ ਕਲਮ ਤੋਂ:-*

ਕਾਲੇ ਹਰਫ਼ਾਂ ਦੀ ਲੋਅ (ਗ਼ਜ਼ਲ ਸੰਗ੍ਰਹਿ) 1996
ਕੱਕੀ ਰੇਤ ਦੇ ਵਰਕੇ ( ,, ) 2002

# ਅਗਰਬੱਤੀ

(ਗ਼ਜ਼ਲ ਸੰਗ੍ਰਹਿ)

**ਜਸਵਿੰਦਰ**

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

***Agarbatti***

***Ghazals by:***

**Jaswinder** ©
653, Type 3,Nuhon Colony
P.O. Ghanauli
Thermal Plant Ropar-140113
Ph. 94178-62466
E-mail: jaswinderdardandiwal@rediffmail.com

**ISBN : 978-81-7883--**

**Rs. ----- /-**

**2011**

*Printing and Bound In India*

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 01635-222651

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਅਵੀਤੋਜ ਦੇ ਨਾਂ...

*.ਗਜ਼ਲੇ ਅਬ ਤਕ ਸ਼ਰਾਬ ਪੀਤੀ ਥੀਂ*
*ਨੀਮ ਕਾ ਰਸ ਪਿਲਾ ਰਹੇ ਹੈਂ ਹਮ*

*(ਬਸ਼ੀਰ ਬਦਰ)*

## ਤਰਤੀਬ


| | | |
|---|---|---|
| ਕਿਉਂ ਕੀ ਕਿਵੇਂ (ਸਵੈ-ਕਥਨ) | ....................... | 9 |
| ਅਸੀਂ ਦਿਲ ਛੱਡ ਗਏ ਹੋਈਏ | ....................... | 15 |
| ਸੁਣੀਆਂ ਖ਼ੁਦੀ ਤੋਂ ਬੇਖ਼ੁਦੀ ਤੀਕਰ | ....................... | 16 |
| ਜ਼ਲਜ਼ਲੇ ਧਰਤੀ ਦੇ | ....................... | 17 |
| ਉੱਚੇ ਟਿੱਬੇ ਤੋਂ | ....................... | 18 |
| ਅੱਗ ਹੈ, ਪਾਣੀ ਹੈ | ....................... | 20 |
| ਮੈਂ ਇਨ੍ਹਾਂ ਬੇਜਾਨ ਸਫ਼ਿਆਂ | ....................... | 21 |
| ਅਸਾਡੇ ਰੁਤਬਿਆਂ ਨੂੰ ਦੇਖ | ....................... | 22 |
| ਅੱਗੇ ਰਾਹੀ ਰਾਹ ਪੁਛਦੇ | ....................... | 23 |
| ਚੰਨ ਅਸਮਾਨ 'ਚ ਕੰਬਦਾ | ....................... | 24 |
| ਅਧੂਰੇ ਰਹਿ ਗਏ ਚਾਵਾਂ ਨੂੰ | ....................... | 26 |
| ਮੰਚ ਤੋਂ ਕੇਹੋ ਜਿਹਾ ਨਾਟਕ | ....................... | 27 |
| ਬਿਗਾਨੀ ਜੂਹ 'ਚ | ....................... | 29 |
| ਫ਼ਸੀਲਾਂ ਕੋਲ ਭਾਵੇਂ | ....................... | 30 |
| ਅਜੇ ਵੀ ਬਹੁਤ ਸਾਰੇ | ....................... | 31 |
| ਬੜਾ ਔਖਾ ਹੈ ਜੀਣਾ | ....................... | 33 |
| ਜਿਉਂਦੇ ਰਹਿਣ ਦਾ | ....................... | 34 |
| ਹਨ੍ਹੇਰਾ ਹੋ ਗਿਆ ਤਾਂ | ....................... | 35 |
| ਹੋਰ ਥਾਂ ਡਿੱਗੀ ਹੈ ਬਿਜਲੀ | ....................... | 37 |
| ਸੋਚਾਂ ਦੀ ਅੱਗ ਅੰਦਰ | ....................... | 38 |
| ਤੇਰੇ ਖ਼ਿਆਲ ਦਾ ਮੈਨੂੰ ਸਰੂਰ | ....................... | 39 |
| ਦਿਲ ਦੇ ਬਲੌਰ 'ਚੋਂ | ....................... | 41 |
| ਦਿਲ ਦੀ ਉਦਾਸ ਪਰਤ ਨੂੰ | ....................... | 42 |
| ਚੰਦ ਤਾਂ ਖੁਣਵਾ ਲਿਆ | ....................... | 43 |
| ਗ਼ਰਦਿਸ਼ ਤੋਂ ਅੱਖ ਬਚਾ ਕੇ | ....................... | 44 |
| ਸ਼ਾਮ ਨੂੰ ਦਰਵੇਸ਼ ਪੰਛੀ | ....................... | 45 |
| ਹਰੇਕ ਕਤਰੇ ਦੇ ਵਿਚ ਨੇ ਖ਼ਤਰੇ | ....................... | 46 |
| ਜੰਗਲ 'ਚ ਲੁਕਿਆ ਜਾਲ | ....................... | 48 |
| ਕਿਸ ਤਰ੍ਹਾਂ ਦੀ ਵਾੜ ਉਹ | ....................... | 49 |
| ਦੁਨੀਆ ਭਰ ਦਾ ਨਿਕ ਸੁੱਕ | ....................... | 50 |
| ਬਾਗੀਂ ਬਰਸੀਂ ਖੱਟਣ ਗਿਆ ਸੀ | ....................... | 51 |
| ਜੇ ਠਿੱਲ੍ਹ ਨਾ ਸਕਦੇ | ....................... | 52 |
| ਏਨੀ ਖ਼ਾਮੋਸ਼ੀ ਨਈਂ ਚੰਗੀ | ....................... | 54 |
| ਅਟਕੇ ਹੋਏ ਹਾਂ | ....................... | 55 |
| ਤੇਰੇ ਅੰਬਰ 'ਚ ਮੈਨੂੰ | ....................... | 56 |
| ਜਹਾਨ ਫੇਰ ਹੀ ਹੋਏਗਾ | ....................... | 58 |
| ਕੁਝ ਇਸ ਤਰ੍ਹਾਂ ਹਾਂ | ....................... | 59 |
| ਧੜਕਣਾਂ ਸਾਹਾਂ ਦੀ | ....................... | 60 |
| ਇਹ ਬੇਜ਼ੁਬਾਨ ਬਿਰਖ | ....................... | 61 |
| ਦਰਦ ਦੀ ਪੁਸਤਕ | ....................... | 62 |
| ਕੋਈ ਮੰਜ਼ਰ ਨਹੀਂ ਹੁਣ | ....................... | 64 |
| ਮੇਰੀ ਥਾਵੇਂ ਲੋਕ ਜੋ | ....................... | 66 |
| ਭਿੱਜੀ ਹੰਝੂਆਂ ਨਾਲ ਸੀ | ....................... | 67 |
| ਇਸ ਦੇ ਅੰਦਰ ਕਰਵਟਾਂ | ....................... | 69 |
| ਮੇਰੇ ਵਿਹੜੇ 'ਚ ਸਿਤਮ | ....................... | 71 |
| ਮਿਲਾ ਕੇ ਲਫ਼ਜ਼ਾਂ 'ਚ | ....................... | 72 |
| ਖ਼ਤਮ ਹੋ ਜਾਵਾਂਗੇ | ....................... | 73 |
| ਮਸਲਾ ਹੈ ਮੇਰਾ | ....................... | 75 |
| ਪਿੰਡ ਦੀਆਂ ਮੰਜ਼ਿਲਾਂ | ....................... | 76 |
| ਕੱਚ ਦੀਆਂ ਰਹੁ-ਰੀਤਾਂ | ....................... | 77 |
| ਇਹ ਕੇਹੀ ਪੱਤਝੜ ਹੈ | ....................... | 79 |

# ਕਿਉਂ ਕੀ ਕਿਵੇਂ

*ਮੈਂ ਗ਼ਜ਼ਲ ਕਿਉਂ ਲਿਖਦਾ ਹਾਂ ?*

ਇਸ ਸਵਾਲ ਦਾ ਜਵਾਬ ਤਲਾਸ਼ਦਾ ਹਾਂ ਤਾਂ ਸਰੋਦੀ ਸ਼ਾਇਰੀ ਦਾ ਉਹ ਨਿਰੰਤਰ ਸਿਲਸਿਲਾ ਜ਼ਿਹਨ 'ਚ ਆਉਂਦਾ ਹੈ ਜੋ ਸਦੀਆਂ ਤੋਂ ਪੰਜਾਬ ਦੀ ਮਿੱਟੀ ਵਿਚ ਰਚਿਆ ਵਸਿਆ ਹੈ। ਇਸ ਸਰੋਦੀ ਕਾਵਿ-ਪ੍ਰੰਪਰਾ ਵਿਚ ਹੀ ਪੰਜਾਬੀ ਗ਼ਜ਼ਲ ਦੇ ਬੀਜ ਪਏ ਨੇ। ਭਾਵੇਂ ਰੂਪਕ ਪੱਖੋਂ ਇਹ ਵਿਧਾ ਅਰਬੀ ਫ਼ਾਰਸੀ ਤੋਂ ਆਈ ਹੈ ਪਰ ਪੰਜਾਬੀ ਵਿਚ ਆ ਕੇ ਅਰੂਜ਼ ਦੀਆਂ ਉਹ ਬਹਿਰਾਂ ਹੀ ਮਕਬੂਲ ਹੋਈਆਂ ਜੋ ਸਾਡੀ ਕਵਿਤਾ ਦੇ ਸੁਰਤਾਲ ਨਾਲ ਮੇਲ ਖਾਂਦੀਆਂ ਹਨ। ਪੰਜਾਬੀ ਗ਼ਜ਼ਲ ਵਿਚ ਦੇਸੀ ਛੰਦਾਂ ਦੀ ਆਮਦ ਨੇ ਇਸਨੂੰ ਹੋਰ ਅਮੀਰੀ ਬਖ਼ਸ਼ੀ।ਸੋ ਪੰਜਾਬੀ ਗ਼ਜ਼ਲ ਦੀ ਵੱਥ ਤੇ ਕੱਥ ਪੰਜਾਬੀਅਤ ਦੇ ਰੰਗ ਵਿਚ ਰੰਗੀ ਹੋਈ ਹੈ।

ਇੱਕ ਸ਼ਿਅਰ ਦੇ ਸੀਮਤ ਸ਼ਬਦਾਂ 'ਚ ਵੱਡੇ ਅਰਥ ਪੈਦਾ ਕਰਨ ਦੀ ਗੱਲ ਮੈਨੂੰ ਟੁੰਬਦੀ ਹੈ। ਮੈਂ ਗ਼ਜ਼ਲ ਦੀ, ਫੁੱਲ ਦੀ ਪੱਤੀ ਨਾਲ ਹੀਰੇ ਦਾ ਜਿਗਰ ਕੱਟਣ ਦੀ ਸ਼ਕਤੀ ਦਾ ਕਾਇਲ ਹਾਂ। ਗ਼ਜ਼ਲ ਦੇ ਸ਼ਿਅਰਾਂ ਵਿਚ ਅਨੇਕ ਰੰਗਾਂ,ਤਰੰਗਾਂ,ਬੁਲੰਦੀਆਂ, ਗਹਿਰਾਈਆਂ ਦੇ ਕੋਲਾਜ ਬਣਦੇ ਹਨ ਜੋ ਚਿਰ ਸਥਾਈ ਪ੍ਰਭਾਵ ਛੱਡਦੇ ਹਨ। ਗ਼ਜ਼ਲ ਦੇ ਸ਼ਿਅਰ,ਪਾਠਕ ਮਨ ਦੀ ਤੜਪਦੀ ਰੇਤ ਦੀ ਪਿਆਸ ਬੁਝਾਉਂਦੇ ਹੋਏ ਇਸ ਦੀ ਤੀਬਰਤਾ ਨੂੰ ਨਵੇਂ ਸਿਰਿਓਂ ਤਿੱਖੀ ਕਰਦੇ ਜਾਂਦੇ ਨੇ ਅਤੇ ਅਖ਼ੀਰ ਵਿਚ ਜ਼ਿੰਦਗੀ ਦੇ ਗੁੱਝੇ ਭੇਦ ਉਜਾਗਰ ਕਰਨ ਵਾਲੇ ਸਕੂਨ ਅਤੇ ਤੜਪ ਦੇ ਮਿਲਵੇਂ ਅਹਿਸਾਸ ਪਿੱਛੇ ਬਚਦੇ ਹਨ।

ਕੁਦਰਤ ਦੀ ਹਰ ਗਤੀਵਿਧੀ ਕਿਸੇ ਖ਼ਾਸ ਲੈਅ ਵਿਚ ਵਾਪਰ ਰਹੀ ਹੈ। ਸਾਹ ਲੈਣਾ,ਦਿਲ ਦੀ ਧੜਕਣ,ਰਗਾਂ 'ਚ ਦੌੜਦਾ ਲਹੂ ਸਭ ਲੈਅ ਵਿਚ ਹੈ।ਕੁਦਰਤ ਦੀ ਇਹ ਸੁਰਤਾਲ ਜਦੋਂ ਸ਼ਾਇਰੀ ਵਿਚ ਆਉਂਦੀ ਹੈ ਤਾਂ ਇਹ ਗ਼ਜ਼ਲ ਵਿਧਾ ਵਿਚ ਸਿਖ਼ਰਲੇ ਮੁਕਾਮ 'ਤੇ ਹੁੰਦੀ ਹੈ।

ਗ਼ਜ਼ਲ ਨਾਲ ਗਹਿਰਾ ਲਗਾਓ ਹੋਣ ਦੇ ਬਾਵਜੂਦ ਕਵਿਤਾ ਦੇ ਹੋਰ ਰੂਪਾਂ ਦੀ ਸਮਰੱਥਾ ਬਾਰੇ ਮੈਨੂੰ ਕੋਈ ਸ਼ੱਕ ਨਹੀਂ। ਸਗੋਂ ਮੈਂ ਚੰਗੀ ਨਜ਼ਮ ਸਮੇਤ ਸਮੁੱਚੇ ਸਾਹਿਤ ਤੋਂ ਹੀ ਅਸਰ ਗ੍ਰਹਿਣ ਕਰਦਾ ਹਾਂ,ਜੋ ਮੇਰੀ ਗ਼ਜ਼ਲ ਸਿਰਜਣਾ ਵਿਚ ਸਹਾਈ ਹੁੰਦਾ ਹੈ। ਇਸ ਵਿਧਾ ਨੂੰ ਅਪਨਾਉਣਾ ਮੇਰੀ ਆਪਣੀ ਸਹਿਜ ਚੋਣ ਹੈ,ਕਿਉਂਕਿ ਹੋਰ ਵਿਧਾਵਾਂ ਨਾਲੋਂ ਗ਼ਜ਼ਲ ਮੇਰੀ ਪ੍ਰਕਿਰਤੀ ਦੇ ਜ਼ਿਆਦਾ ਅਨੁਕੂਲ ਹੈ।

*ਮੈਂ ਗ਼ਜ਼ਲ ਵਿਚ ਕੀ ਲਿਖਦਾ ਹਾਂ ?*

ਏਥੇ ਇਕ ਸ਼ਿਅਰ ਦਰਜ ਕਰ ਰਿਹਾ ਹਾਂ:

*ਜੋ ਨਾ ਦੇਹੀ ਨਾਲ ਸੜਦੇ , ਹਸ਼ਰ ਤਕ ਜੋ ਰਹਿਣ ਬਲਦੇ*
*ਉਹਨਾਂ ਜ਼ਖ਼ਮਾਂ ਦੀ ਸ਼ਨਾਖ਼ਤ ਕਰਨ ਖ਼ਾਤਰ ਲਿਖ ਰਿਹਾ ਹਾਂ*

ਇਹ ਜ਼ਖ਼ਮ ਪੂਰੇ ਇਤਿਹਾਸਕ ਕਾਲ ਵਿਚ ਮਾਨਵਤਾ ਦੀ ਹੋਣੀ ਸਮੇਤ ਕੁੱਲ ਕਾਇਨਾਤ ਦੇ ਨੇ। ਮਨੁੱਖ ਹਰ ਵਾਪਰੇ ਜਾਂ ਵਾਪਰ ਰਹੇ ਵਰਤਾਰੇ 'ਚੋਂ ਇਨਾਂ ਦੀ ਸ਼ਨਾਖ਼ਤ ਕਰਨ ਅਤੇ ਇਨਾਂ ਨੂੰ ਭਰਨ ਲਈ ਯਤਨਸ਼ੀਲ ਰਹਿੰਦਾ ਹੈ। ਸਮਕਾਲੀ ਯਥਾਰਥ ਦੇ ਨਾਲ ਨਾਲ ਮਨੁੱਖ ਅਤੇ ਪ੍ਰਕਿਰਤੀ ਦੇ ਸਬੰਧਾਂ ਦਵੰਧਾਂ ਦੇ ਅਨੇਕ ਪਾਸਾਰ ਮੇਰੇ ਵਿਸ਼ੇ ਬਣਦੇ ਨੇ। ਮੇਰੀ ਗ਼ਜ਼ਲਕਾਰੀ ਵਿਚ ਆਪਣੇ ਆਪ ਨਾਲ ਅਤੇ ਆਪਣੇ ਮਾਹੌਲ ਨਾਲ ਨਿਰੰਤਰ ਸੰਵਾਦ ਚਲਦਾ ਰਹਿੰਦਾ ਹੈ। ਮਨੁੱਖ ਨੂੰ ਹਾਸ਼ੀਏ 'ਤੇ ਧੱਕ ਕੇ ਅਮੁੱਕ ਹਿਰਸ ਦਾ ਭਾਰੂ ਹੋ ਜਾਣਾ ਮੈਨੂੰ ਅਤਿ ਪ੍ਰੇਸ਼ਾਨ ਕਰਦਾ ਹੈ। ਇਸ ਅਮਾਨਵੀ ਵਰਤਾਰੇ ਵਿਚ ਬੰਦੇ ਦੀ ਬੇਵਸੀ ਵੀ ਮੇਰੀ ਸੰਵੇਦਨਾ ਦਾ ਅੰਗ ਬਣਦੀ ਹੈ :

*ਫ਼ਸੀਲਾਂ ਕੋਲ ਭਾਵੇਂ ਦਰਦ ਅਪਣਾ ਫੋਲਦਾ ਹੋਵੇ*
*ਕੋਈ ਪੱਥਰ ਤਾਂ ਇਸ ਖ਼ੰਡਰ ਦੇ ਅੰਦਰ ਬੋਲਦਾ ਹੋਵੇ*

*ਵੇਚਣੇ ਦੀਵੇ ਅਤੇ ਇਤਰਾਜ਼ ਕਰਨਾ ਰੌਸ਼ਨੀ 'ਤੇ*
*ਰਾਤ ਦੇ ਸੌਦਾਗਰਾਂ ਦਾ ਇਹ ਵੀ ਕੀ ਦਸਤੂਰ ਹੋਇਆ*



*ਜੁੜੇ ਨਾ ਰਿਜ਼ਕ ਜੇ ਤਾਂ ਆਲ੍ਹਣੇ ਛੱਡ ਜਾਣ ਪੰਛੀ ਵੀ*
*ਘਰਾਂ ਦੇ ਅਰਥ ਕੀ ਰਹਿੰਦੇ ਜਦੋਂ ਚੁੱਲ੍ਹਿਆਂ 'ਚ ਘਾਹ ਹੱਸੇ*

ਮਨੁੱਖ ਦੀ ਅਥਾਹ ਰਚਨਾਤਮਿਕ ਸ਼ਕਤੀ ਵਿਚ ਮੇਰਾ ਗਹਿਰਾ ਵਿਸ਼ਵਾਸ ਹੈ। ਤਬਾਹੀ ਵਿਚ ਨਵੀਂ ਉਸਾਰੀ ਦੇ ਬੀਜ ਹੁੰਦੇ ਨੇ ਅਤੇ ਉਦਾਸੀ ਵਿੱਚੋਂ ਨਵੀਂ ਉਮੀਦ ਜਨਮਦੀ ਹੈ।

*ਮੇਰੀ ਮਿੱਟੀ 'ਚ ਉੱਗੇ ਫੁੱਲ ਜੇ ਮੁਰਝਾ ਗਏ ਤਾਂ ਕੀ*
*ਜੋ ਖ਼ੁਸ਼ਬੂ ਰਹਿ ਗਈ ਪਿੱਛੇ ਨਾ ਅੱਜ ਜਾਣੀ ਨਾ ਕੱਲ੍ਹ ਜਾਣੀ*

ਦਿਲ ਦਰਿਆ ਸਮੁੰਦਰੋਂ ਡੂੰਘੇ... ਬੰਦੇ ਦੇ ਮਨ ਦੀਆਂ ਦਿਸ਼ਾਵਾਂ ਕੌਣ ਜਾਣ ਸਕਿਆ ਹੈ। ਆਦਿ ਜੁਗਾਦੀ ਤੇਹਾਂ ਦੀ ਪੂਰਤੀ ਲਈ ਇਹ ਕਿੱਥੇ ਕਿੱਥੇ ਨਹੀਂ ਭਟਕਦਾ। ਇਹ ਜਿਉਣ ਦੀ ਚਾਹਤ ਪਾਲਦਿਆਂ ਮੁਹੱਬਤ ਅਤੇ ਕਰੁਣਾ ਦੇ ਖੰਭਾਂ ਆਸਰੇ ਦੁੱਖਾਂ ਸੁੱਖਾਂ ਦੇ ਅਸਮਾਨ ਗਾਹੁੰਦਾ ਰਹਿੰਦਾ ਹੈ। ਸੰਜੋਗ ਵਿਯੋਗ ਨਾਲ ਨਾਲ ਚਲਦੇ ਨੇ:

*ਤੇਰੀ ਵਿਦਾਈ ਬਾਦ ਮੈਂ ਸੰਭਲਦਾ ਕਿਸ ਤਰ੍ਹਾਂ*
*ਹਿਲਦੀ ਸੀ ਇਹ ਜ਼ਮੀਨ ਵੀ ਹਿਲਦੇ ਰੁਮਾਲ ਨਾਲ*

ਅਜਿਹੇ ਬਹੁਤ ਸਾਰੇ ਅਹਿਸਾਸ ਮੇਰੀ ਗ਼ਜ਼ਲ ਦੀ ਜ਼ਮੀਨ ਵਿਚ ਉਗਦੇ ਰਹਿੰਦੇ ਨੇ। ਇੱਕ ਸ਼ਿਅਰ ਦੀਆਂ ਦਿਸਦੀਆਂ ਤੇ ਅਣਦਿਸਦੀਆਂ ਕਈ ਪਰਤਾਂ ਹੋ ਸਕਦੀਆਂ ਨੇ ਅਤੇ ਪਾਠਕ ਆਪਣੇ ਨਜ਼ਰੀਏ ਅਨੁਸਾਰ ਅਰਥਾਂ ਦੀ ਤਲਾਸ਼ ਕਰਦਾ ਹੈ।

ਮੇਰੀ ਗ਼ਜ਼ਲ ਵਿਚ ਕੀ ਹੈ ,ਕੀ ਹੋਣਾ ਚਾਹੀਦਾ ਹੈ,ਇਸਦਾ ਠੀਕ ਨਿਰਣਾ ਤਾਂ ਸੂਝਵਾਨ ਪਾਠਕ ਤੇ ਵਿਦਵਾਨ ਹੀ ਕਰ ਸਕਦੇ ਨੇ। ਮੇਰੀ ਸੰਵੇਦਨਾ ਮੈਥੋਂ ਜੋ ਲਿਖਵਾਉਂਦੀ ਹੈ,ਸਿਰਫ਼ ਉਹ ਹੀ ਲਿਖਦਾ ਹਾਂ। ਲਿਖਣ ਵੇਲੇ ਮਾਨਵੀ ਹੋਂਦ ਨਾਲ ਜੁੜੇ ਅਨੇਕ ਸਵਾਲ ਮੇਰੇ ਸਾਹਮਣੇ ਹੁੰਦੇ ਨੇ:

*ਕੀ, ਕੌਣ, ਕਿੱਥੇ, ਕਿਸ ਤਰ੍ਹਾਂ, ਕਿਹੜਾ, ਕਦੋਂ, ਕਿਵੇਂ*
*ਸਾਰੇ ਸਫ਼ਰ 'ਚ ਤੁਰ ਰਹੇ ਕਿੰਨੇ ਸਵਾਲ ਨਾਲ*

ਮੈਂ ਗ਼ਜ਼ਲ ਕਿਵੇਂ ਲਿਖਦਾ ਹਾਂ ?

ਕਵੀ ਦੇ ਅਰਧ ਚੇਤਨ ਮਨ 'ਚ ਕਵਿਤਾ ਦੇ ਬੀਜ ਹਮੇਸ਼ਾ ਪਏ ਹੁੰਦੇ ਨੇ। ਬਾਹਰੀ ਜਾਂ ਅੰਦਰੂਨੀ ਵਰਤਾਰਿਆਂ ਦੇ ਰੂਬਰੂ ਤਾਂ ਹਰ ਕੋਈ ਹੁੰਦਾ ਹੈ ਪਰ ਕਵੀ ਮਨ ਉੱਤੇ ਇਹ ਅਲੱਗ ਪ੍ਰਭਾਵ ਪਾਉਂਦੇ ਨੇ। ਕਵੀ ਚੀਜ਼ਾਂ ਦੇ ਆਰ ਪਾਰ ਦੇਖਦਾ ਹੈ। ਕਈ ਵਾਰ ਕਿਸੇ ਸਧਾਰਨ ਗੱਲ ਘਟਨਾ ਜਾਂ ਦ੍ਰਿਸ਼ ਨਾਲ ਕਵਿਤਾ ਦਾ ਬੀਜ ਪੁੰਗਰ ਪੈਂਦਾ ਹੈ। ਇਸ ਦੇ ਮੁਕੰਮਲ ਪੌਦਾ ਬਣਨ ਤੱਕ ਕਵੀ ਕਈ ਤਣਾਵਾਂ,ਉਤਰਾਵਾਂ,ਚੜ੍ਹਾਵਾਂ 'ਚੋਂ ਗੁਜ਼ਰਦਾ ਹੈ ਅਤੇ ਇਸ ਤਣਾਓ ਤੋਂ ਮੁਕਤੀ ਲਈ ਸਿਰਜਣਾਤਮਿਕ ਮਾਹੌਲ ਦੀ ਤਲਾਸ਼ ਵਿਚ ਰਹਿੰਦਾ ਹੈ। ਮੇਰੇ ਲਈ ਅਜਿਹਾ ਮਾਹੌਲ ਆਮ ਤੌਰ ਤੇ ਰਾਤ ਵੇਲੇ ਹੁੰਦਾ ਹੈ। ਮਨ ਮਸਤਕ ਉੱਤੇ ਖ਼ਾਸ ਕਿਸਮ ਦਾ ਕਾਵਿਕ ਵਾਤਾਵਰਣ ਛਾਇਆ ਹੋਵੇ ਤਾਂ ਖ਼ਿਆਲਾਂ ਦੀ ਜਗਮਗ ਹੁੰਦੀ ਹੈ। ਸ਼ਬਦਾਂ ਦੇ ਜੁਗਨੂੰ ਆਪਣੀ ਲੈਅ ਦੀ ਲੋਅ ਸਮੇਤ ਆਉਂਦੇ ਨੇ। ਜ਼ਿੰਦਗੀ 'ਚ ਹੰਢਾਇਆ,ਪੜ੍ਹਿਆ ਵਿਚਾਰਿਆ ਅਨੁਭਵ ਕਾਵਿ-ਅਹਿਸਾਸ ਨੂੰ ਮਾਰਗ ਦਿਖਾਉਂਦਾ ਹੈ ਅਤੇ ਸ਼ਿਅਰ ਰੂਪ ਧਾਰਦੇ ਨੇ। ਇਕ ਵਾਰ ਮਨਪਸੰਦ ਸ਼ਿਅਰ ਲਿਖਿਆ ਜਾਵੇ ਤਾਂ ਉਦੋਂ ਤੱਕ ਆਨੰਦਮਈ ਛਟਪਟਾਹਟ ਦਾ ਆਲਮ ਤਾਰੀ ਰਹਿੰਦਾ ਹੈ ਜਦੋਂ ਤੱਕ ਗ਼ਜ਼ਲ ਪੂਰੀ ਨਹੀਂ ਹੋ ਜਾਂਦੀ। ਇਸ ਪ੍ਰਕਿਰਿਆ ਵਿਚ ਕਈ ਦਿਨ ਵੀ ਲੱਗ ਸਕਦੇ ਨੇ। ਅਜਿਹਾ ਬਹੁਤ ਘੱਟ ਹੋਇਆ ਹੈ ਜਦੋਂ ਲਿਖਿਆ ਗਿਆ ਸ਼ਿਅਰ ਸਾਲਾਂ ਬੱਧੀ ਬਗ਼ੈਰ ਗ਼ਜ਼ਲ ਤੋਂ ਰਹੇ। ਬਸ ਇੱਕੋ ਮਤਲਾ ਯਾਦ ਆ ਰਿਹਾ ਹੈ ਜਿਸਦੀ ਗ਼ਜ਼ਲ ਪੂਰੀ ਕਰਨ ਬਾਰੇ ਦਸ ਸਾਲ ਬਾਦ ਸੋਚਿਆ, ਉਹ ਇਉਂ ਹੈ:

*ਅੱਗ ਹੈ, ਪਾਣੀ ਹੈ,ਇਹ ਆਕਾਸ਼ ਹੈ ਜਾਂ ਪੌਣ ਹੈ*
*ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ*

ਮੈਂ ਸਮੁੱਚੀ ਕਾਵਿ-ਪ੍ਰੰਪਰਾ ਨੂੰ ਆਪਣੀ ਉਸਤਾਦ ਮੰਨਦਾ ਹਾਂ। ਬਚਪਨ ਤੋਂ ਹੀ ਸਰੋਦੀ ਕਵਿਤਾ ਪ੍ਰਤੀ ਖਿੱਚ ਨੇ ਅਰੂਜ਼ੀ ਬਾਰੀਕੀਆਂ ਸਮਝਣੀਆਂ ਮੇਰੇ ਲਈ ਆਸਾਨ ਕਰ ਦਿੱਤੀਆਂ। ਬਹਿਰਾਂ ਵਿਚ ਨਵੇਂ ਤੇ ਓਪਰੇ ਤਜਰਬੇ ਕਰਨੇ ਮੈਨੂੰ ਪਸੰਦ ਨਹੀਂ,ਕਿਉਂਕਿ ਬਹਿਰ ਮੇਰੇ ਲਈ ਅਹਿਸਾਸ ਦੇ ਪ੍ਰਗਟਾਵੇ ਦਾ ਮਾਧਿਅਮ ਮਾਤਰ ਹੈ। ਮਹਿਜ਼ ਸ਼ਿਲਪਕਾਰੀ ਦੀ ਉਧੇੜ ਬੁਣ ਨਾਲ ਖ਼ਿਆਲ ਦੀ ਸ਼ਿੱਦਤ ਪੇਤਲੀ ਪੈਣ ਦਾ ਤੌਖ਼ਲਾ ਬਣਿਆ ਰਹਿੰਦਾ ਹੈ।

ਆਪਣੀ ਗ਼ਜ਼ਲ ਦਾ ਪਹਿਲਾ ਆਲੋਚਕ ਮੈਂ ਆਪ ਹੁੰਦਾ ਹਾਂ। ਵਿਚਾਰ ਦੀ ਸਪਸ਼ਟਤਾ,ਸੰਚਾਰਮੁੱਖਤਾ, ਭਾਸ਼ਾ ਦੀ ਤਾਜ਼ਗੀ ਅਤੇ ਮੌਲਿਕਤਾ ਦਾ ਖ਼ਿਆਲ ਰਖਦਾ ਹਾਂ। ਗ਼ਜ਼ਲ ਪੂਰੀ ਹੋਣ ਉਪਰੰਤ ਉਕਾਈਆਂ 'ਤੇ ਨਜ਼ਰਸਾਨੀ ਕਰਦਾ ਹਾਂ। ਦੋਸਤਾਂ ਦੀ ਨੇਕ ਰਾਇ ਦੀ ਕਦਰ ਕਰਦਾ ਹਾਂ। ਫੇਰ ਵੀ ਸੰਪੂਰਨਤਾ ਦਾ ਕੋਈ ਦਾਅਵਾ ਨਹੀਂ।

ਗ਼ਜ਼ਲ ਸਿਰਜਣਾ ਦੇ ਪੂਰੇ ਸਫ਼ਰ ਦੌਰਾਨ ਮੈਂ ਕਦੇ ਕਾਹਲੀ ਨਹੀਂ ਕੀਤੀ। ਜੋ ਵੀ ਲਿਖਿਆ,ਆਪਣੀ ਸਹਿਜ ਚਾਲ ਕਾਇਮ ਰਖਦਿਆਂ ਹੀ ਲਿਖਿਆ । ਸ਼ਾਇਰੀ ਦਾ ਕੋਈ ਇਲਹਾਮ ਨਹੀਂ ਹੁੰਦਾ ਅਤੇ ਆਮਦ ਵੀ ਰੋਜ਼ ਰੋਜ਼ ਨਹੀਂ ਹੁੰਦੀ। ਮੈਨੂੰ ਸਹਿਜ ਅੰਦਾਜ਼ ਵਿਚ ਗ਼ਜ਼ਲ ਲਿਖ ਕੇ ਅਜੀਬ ਕਿਸਮ ਦੀ ਸੰਤੁਸ਼ਟੀ ਅਤੇ ਤੜਪ ਬਰਾਬਰ ਮਿਲਦੀਆਂ ਨੇ :

*ਮੇਰੀ ਗ਼ਜ਼ਲ ਦੇ ਦਿਲ 'ਚ ਉਹ ਸਾਰੇ ਹੀ ਲਹਿ ਗਏ*
*ਰੋਕੇ ਸੀ ਜਿਹੜੇ ਤੀਰ ਮੈਂ ਸ਼ਬਦਾਂ ਦੀ ਢਾਲ ਨਾਲ*

ਇਹ ਗ਼ਜ਼ਲ-ਸੰਗ੍ਰਹਿ ਅਗਰਬੱਤੀ ਪੇਸ਼ ਕਰਦਿਆਂ ਇਉਂ ਮਹਿਸੂਸ ਹੋ ਰਿਹਾ ਹੈ ਜਿਵੇਂ ਜ਼ਿੰਦਗੀ ਦੇ ਅਨੁਭਵ 'ਚੋਂ ਮਿਲੀ ਸ਼ਬਦ ਸੰਵੇਦਨਾ ਦੀ ਦਾਤ ਵਿਚ ਆਪਣੇ ਰੰਗ ਭਰ ਕੇ ਵਾਪਸ ਪਰਤਾ ਰਿਹਾ ਹੋਵਾਂ।

*ਮੈਂ ਜੋ ਲਿਖਿਆ ਰੂਹ ਦੀ ਲਿੱਪੀ ਵਿਚ ਲਿਖਿਆ ਹੈ ਯਾਰੋ*
*ਪੇਸ਼ ਤੁਹਾਡੀ ਖ਼ਿਦਮਤ ਵਿਚ ਨੇ ਦਿਲ ਦੇ ਸੂਹੇ ਵਰਕੇ*

***- ਜਸਵਿੰਦਰ***

*ਸਾੜ ਕੇ ਮੇਰਾ ਲਹੂ ਮਹਿਕਾਂ ਫ਼ਿਜ਼ਾਂ ਵਿਚ ਵੰਡਦੀ*
*ਮੇਰੇ ਅੰਦਰ ਧੁਖ਼ ਰਹੀ ਇਹ ਅਗਰਬੱਤੀ ਕੌਣ ਹੈ*

ਅਸੀਂ ਦਿਲ ਛੱਡ ਗਏ ਹੋਈਏ ਅਜੇਹਾ ਵੀ ਨਹੀਂ ਲਗਦਾ
ਪਤਾ ਨਈਂ ਫੇਰ ਕਿਉਂ ਸਾਡਾ ਕਿਤੇ ਵੀ ਜੀ ਨਹੀਂ ਲਗਦਾ

ਕਦੇ ਲਗਦੇ ਨੇ ਤਾਰੇ, ਫੁੱਲ, ਪੰਛੀ ਆਪਣੇ ਵਰਗੇ
ਕਦੇ ਸ਼ੀਸ਼ੇ 'ਚ ਅਪਣਾ ਅਕਸ ਅਪਣਾ ਹੀ ਨਹੀਂ ਲਗਦਾ

ਕਿਵੇਂ ਇਕ ਨਾਮ ਦੇਈਏ ਇਸ 'ਚ ਸਭ ਰਿਸ਼ਤੇ ਸਮੋਏ ਨੇ
ਲਹੂ ਵਿਚ ਦਰਦ ਜੋ ਘੁਲਿਆ ਹੈ, ਸਾਡਾ ਕੀ ਨਹੀਂ ਲਗਦਾ

ਕਿਸੇ ਨੂੰ ਜਗ ਰਹੀ ਹਰ ਚੀਜ਼ 'ਚੋਂ ਸੂਰਜ ਨਜ਼ਰ ਆਵੇ
ਕਿਸੇ ਨੂੰ ਪੁੰਨਿਆਂ ਦਾ ਚੰਨ ਵੀ ਅਸਲੀ ਨਹੀਂ ਲਗਦਾ

ਜਦੋਂ ਤਕ ਹੋਸ਼ ਆਉਂਦੀ ਕੁਝ ਨਹੀਂ ਬਚਦਾ ਸੰਭਾਲਣ ਨੂੰ
ਪਤਾ ਮੁੱਠੀ 'ਚੋਂ ਕਿਰਦੀ ਰੇਤ ਦਾ ਛੇਤੀ ਨਹੀਂ ਲਗਦਾ

ਛਿੜੇ ਜਦ ਕੰਬਣੀ ਖ਼ਾਬਾਂ 'ਚ ਉਸ ਵੇਲੇ ਸਮਝ ਆਉਂਦੀ
ਕਿ ਪਾਲ਼ਾ ਸਿਰਫ ਖੁੱਲ੍ਹੀਆਂ ਬਾਰੀਆਂ ਵਿਚਦੀ ਨਹੀਂ ਲਗਦਾ

ਘੜੀ ਵਿਚ ਨੁਕਸ ਹੈ ਜਾਂ ਵਕਤ ਹੀ ਬੇਵਕਤ ਹੋ ਚੱਲਿਆ
ਸਵੇਰਾ ਹੋ ਗਿਆ ਪਰ ਦਿਨ ਤਾਂ ਚੜ੍ਹਿਆ ਹੀ ਨਹੀਂ ਲਗਦਾ

•



ਸੁਣੀਆਂ ਖ਼ੁਦੀ ਤੋਂ ਬੇਖ਼ੁਦੀ ਤੀਕਰ ਕਹਾਣੀਆਂ
ਫਿਰ ਵੀ ਮੈਂ ਜ਼ਿੰਦਗੀ ਦੀਆਂ ਰਮਜ਼ਾਂ ਨਾ ਜਾਣੀਆਂ

ਦਿਸੀਆਂ ਸੀ ਖ਼ੁਦ ਨੂੰ ਤੇਰਿਆਂ ਨੈਣਾਂ 'ਚੋਂ ਦੇਖ ਕੇ
ਮੇਰੇ ਜ਼ਿਹਨ 'ਚ ਉਲਝੀਆਂ ਜਿੰਨੀਆਂ ਵੀ ਤਾਣੀਆਂ

ਮੁੜ ਮੁੜ ਕੇ ਮੈਨੂੰ ਕਰ ਰਿਹੈਂ ਝੀਲਾਂ ਦੇ ਰੂਬਰੂ
ਹਾਲੇ ਵੀ ਨਾ ਤੂੰ ਮੇਰੀਆਂ ਤੇਹਾਂ ਪਛਾਣੀਆਂ

ਮਿਲਿਆ ਕਿਸੇ ਵੀ ਯੁੱਗ 'ਚ ਨਾ ਇਕ ਪਲ ਸਕੂਨ ਦਾ
ਖੰਡਰ ਲਏ ਫਰੋਲ ਮੈਂ ਥੇਹਾਂ ਵੀ ਛਾਣੀਆਂ

ਗ਼ਰਦਿਸ਼ 'ਚ ਕਾਇਨਾਤ ਹੈ, ਤਾਰੇ ਵੀ ਬੇਆਰਾਮ
ਹੁੰਦੀਆਂ ਮਹਾਨ ਹਸਤੀਆਂ ਆਖ਼ਰ ਨਿਮਾਣੀਆਂ

ਪੰਛੀ ਵੀ ਸਿਰ ਤੋਂ ਲੰਘ ਕੇ ਪਹੁੰਚੇ ਦੁਮੇਲ ਤਕ
ਤੂੰ ਕਿਉਂ ਖਲੋ ਕੇ ਦੇਖਦੈਂ ਪੈੜਾਂ ਪੁਰਾਣੀਆਂ

•

ਜ਼ਲਜ਼ਲੇ ਧਰਤੀ ਦੇ ਚੜ੍ਹਦੇ ਜਾ ਰਹੇ ਨੇ ਅੰਬਰਾਂ 'ਤੇ
ਕੋਈ ਵੀ ਤਾਰਾ ਕਦੇ ਵੀ ਡਿੱਗ ਸਕਦਾ ਹੈ ਘਰਾਂ 'ਤੇ

ਕਾਫ਼ਲਾ ਲੁੱਟਿਆ ਹੈ ਕਿਸ ਨੇ ਬਹਿਸ ਸਾਰੀ ਰਾਤ ਹੋਈ
ਸਾਰੀਆਂ ਹੀ ਉਂਗਲਾਂ ਟਿਕੀਆਂ ਸਵੇਰੇ ਰਹਿਬਰਾਂ 'ਤੇ

ਖ਼ਾਬ ਮਾਸੂਮਾਂ ਦੇ ਖ਼ਰਗੋਸ਼ਾਂ ਜਿਹੇ ਹੁੰਦੇ ਨੇ ਯਾਰੋ
ਮੂਰਤਾਂ ਸ਼ੇਰਾਂ ਦੀਆਂ ਕਿਉਂ ਛਾਪਦੇ ਹੋ ਚਾਦਰਾਂ 'ਤੇ

ਇਹ ਜਦੋਂ ਵੀ ਚਹਿਕਦਾ ਤਾਂ ਮੈਂ ਜਿਵੇਂ ਸੂਲੀ 'ਤੇ ਹੋਵਾਂ
ਦਰਦ ਉਹ ਪੰਛੀ ਹੈ ਜਿਸਦਾ ਆਲ੍ਹਣਾ ਹੈ ਆਂਦਰਾਂ 'ਤੇ

ਮੁੱਕ ਹੀ ਜਾਣਾ ਸੀ ਝਗੜਾ,ਮਿਲ ਹੀ ਜਾਣੀ ਸੀ ਖ਼ੁਦਾਈ
ਜੇ ਕਿਤੇ ਵਿਸ਼ਵਾਸ ਕਰਕੇ ਦੇਖ ਲੈਂਦੇ ਕਾਫ਼ਰਾਂ 'ਤੇ

ਵਕਤ ਸੀ ਭਾਰਾ ਤੇ ਉਹ ਰਿਸ਼ਤਾ ਹੀ ਹੌਲਾ ਫੁੱਲ ਵਰਗਾ
ਦੋਸ਼ ਨਾ ਪੂਰਨ ਦਾ, ਨਾ ਇਲਜ਼ਾਮ ਕੋਈ ਸੁੰਦਰਾਂ 'ਤੇ

•



ਉੱਚੇ ਟਿੱਬੇ ਤੋਂ ਸੁਰੀਲੀ ਤਾਨ ਸੁਣ ਕੇ
ਵੱਗ ਹੀ ਮੁੜਦੇ ਨੇ ਹੇ ਗੋਪਾਲ ਤੇਰੇ
ਮੁਕਟ ਲਾਹ ਕੇ ਜੇ ਵਜਾਉਂਦਾ ਬੰਸਰੀ ਤੂੰ
ਸਾਰਾ ਜੰਗਲ ਝੂਮਣਾ ਸੀ ਨਾਲ ਤੇਰੇ

ਪੰਛੀਆਂ ਵਰਗਾ ਸੁਦਾਮੇ ਦਾ ਕਬੀਲਾ
ਰਿਜ਼ਕ ਅਪਣਾ ਨਾਮ ਤੇਰੇ ਕਰ ਰਿਹਾ ਹੈ
ਬਹੁਤ ਗੁੰਝਲਦਾਰ ਹੈ ਤੇਰਾ ਤਲਿੱਸਮ
ਬਹੁਤ ਹੀ ਬਾਰੀਕ ਨੇ ਇਹ ਜਾਲ ਤੇਰੇ

ਸੁੱਕੀਆਂ ਝੀਲਾਂ 'ਚ ਕੀ ਹੰਸਾਂ ਦੀ ਹੋਣੀ
ਰੋੜ ਖਾ ਖਾ ਕੇ ਕਦੋਂ ਤਕ ਜੀਣਗੇ ਇਹ
ਆਉਂਣਗੇ ਤੇ ਕਰਨਗੇ ਖ਼ਾਲੀ ਕਿਸੇ ਦਿਨ
ਮੋਤੀਆਂ ਦੇ ਨਾਲ ਲੱਦੇ ਥਾਲ ਤੇਰੇ

ਕਿਸ ਤਰ੍ਹਾਂ ਦਾ ਹੈ ਭਲਾ ਇਹ ਅਹਿਦ ਤੇਰਾ
ਫੁੱਲ ਤਾਂ ਸਭ ਦੇ ਨੇ ਪਰ ਇਹ ਸ਼ਹਿਦ ਤੇਰਾ
ਘੇਰਦੇ ਰਹਿੰਦੇ ਨੇ ਭੀਲਾਂ ਨੂੰ ਯੁਗਾਂ ਤੋਂ
ਗੁੰਬਦਾਂ 'ਚੋਂ ਉੱਡ ਕੇ ਮਖਿਆਲ ਤੇਰੇ

ਜਲ ਵੀ ਓਹੀ, ਪੌਣ ਓਹੀ, ਰੇਤ ਓਹੀ
ਜ਼ਖ਼ਮ ਵੀ ਓਹੀ ਤੇ ਸਿੰਮਦੀ ਰੱਤ ਓਹੀ
ਤੇਰੀ ਸ਼ਹਿ 'ਤੇ ਜੋ ਕੁਰੂਖੇਤਰ 'ਚ ਚੱਲੇ
ਭਰ ਕੇ ਹੁਣ ਵੀ ਵਗਣ ਓਹੀ ਖਾਲ ਤੇਰੇ

ਓਹੀ ਸੀਨੇ, ਸੀਨਿਆਂ ਵਿਚ ਤੀਰ ਓਹੀ
ਦਰਦ ਓਹੀ, ਦਰਦ ਦੀ ਤਾਸੀਰ ਓਹੀ
ਫ਼ਰਕ ਬਸ ਏਨਾ ਪਿਆ ਕਲਯੁਗ ਚ ਆ ਕੇ
ਬਣ ਗਏ ਕੌਰਵ ਵੀ ਭਾਈਵਾਲ ਤੇਰੇ

•

ਅੱਗ ਹੈ, ਪਾਣੀ ਹੈ, ਇਹ ਆਕਾਸ਼ ਹੈ ਜਾਂ ਪੌਣ ਹੈ
ਮੇਰੇ ਚੇਤਨ ਤੇ ਅਚੇਤਨ ਦੇ ਵਿਚਾਲੇ ਕੌਣ ਹੈ

ਮਨ ਦੀਆਂ ਰੁੱਤਾਂ ਦੇ ਇਸ ਕੋਲਾਜ ਨੂੰ ਕੀ ਨਾਂ ਦਿਆਂ
ਮੇਰੀਆਂ ਅੱਖਾਂ ’ਚ ਅੱਧਾ ਹਾੜ੍ਹ ਅੱਧਾ ਸੌਣ ਹੈ

ਪੈਲ ਪਾ ਕੇ ਨੱਚਣਾ ਤੈਨੂੰ ਬੜਾ ਮਹਿੰਗਾ ਪਿਆ
ਨਚਦੀਆਂ ਛੁਰੀਆਂ ’ਚ ਹੁਣ ਮੋਰਾ ਵੇ ਤੇਰੀ ਧੌਣ ਹੈ

ਤੇਰੇ ਜਤ ਸਤ ਤੋਂ ਜ਼ਿਆਦਾ, ਤੇਰੇ ਤਰਲੇ ਤੋਂ ਵਧੀਕ
ਪੂਰਨਾ ਇਸ ਕਲਯੁਗੀ ਖੂਹ ਦੀ ਉਚੇਰੀ ਮੌਣ ਹੈ

ਸਾੜ ਕੇ ਮੇਰਾ ਲਹੂ ਮਹਿਕਾਂ ਫਿਜ਼ਾਂ ਵਿਚ ਵੰਡਦੀ
ਮੇਰੇ ਅੰਦਰ ਧੁਖ਼ ਰਹੀ ਇਹ ਅਗਰਬੱਤੀ ਕੌਣ ਹੈ

•



ਮੈਂ ਇਨ੍ਹਾਂ ਬੇਜਾਨ ਸਫ਼ਿਆਂ ’ਤੇ ਜੋ ਅੱਖਰ ਲਿਖ ਰਿਹਾ ਹਾਂ
ਅਪਣੇ ਜ਼ਿੰਦਾ ਹੋਣ ਦਾ ਪ੍ਰਮਾਣ ਪੱਤਰ ਲਿਖ ਰਿਹਾ ਹਾਂ

ਜੋ ਨਾ ਦੇਹੀ ਨਾਲ ਸੜਦੇ, ਹਸ਼ਰ ਤਕ ਜੋ ਰਹਿਣ ਬਲਦੇ
ਉਹਨਾਂ ਜ਼ਖ਼ਮਾਂ ਦੀ ਸ਼ਨਾਖ਼ਤ ਕਰਨ ਖ਼ਾਤਰ ਲਿਖ ਰਿਹਾ ਹਾਂ

ਖੁਭ ਗਈ ਅੱਡੀ ’ਚ ਸੀ ਤਾਰੀਖ਼ ਜਿਸ ਦਿਨ ਸੂਲ ਬਣ ਕੇ
ਓਸ ਦਿਨ ਤੋਂ ਸ਼ਹਿਰ ਦੀ ਸੂਲ਼ੀ ਦਾ ਮੰਜ਼ਰ ਲਿਖ ਰਿਹਾ ਹਾਂ

ਜਿਸ ਨੂੰ ਸੁਣ ਕੇ ਕਾਲਜਾ ਵਗਦੀ ਹਵਾ ਦਾ ਪਾਟਿਆ ਸੀ
ਚੀਖ਼ ਉਹ ਹਿਰਨੀ ਦੀ ਰੇਗਿਸਤਾਨ ਅੰਦਰ ਲਿਖ ਰਿਹਾ ਹਾਂ

ਸਾਂਭ ਕੇ ਸੀਨੇ ’ਚ ਪਰਲੋ ਪਾਰ ਦੀ ਉਹ ਬੇਕਰਾਰੀ
ਮੈਂ ਝਨਾਂ ਦੇ ਕਹਿਰ ਨੂੰ ਕੀਲਣ ਦਾ ਮੰਤਰ ਲਿਖ ਰਿਹਾ ਹਾਂ

ਕਿਸ ਤਰ੍ਹਾਂ ਦੀ ਬੇਵਸੀ ਹੈ ਤਿਤਲੀਆਂ ਫੁੱਲਾਂ ਦੇ ਹੁੰਦਿਆਂ
ਮੈਂ ਕਦੋਂ ਚਾਹੁੰਦਾ ਹਾਂ ਲਿਖਣਾ ਫਿਰ ਵੀ ਖੰਡਰ ਲਿਖ ਰਿਹਾ ਹਾਂ

•

ਅਸਾਡੇ ਰੁਤਬਿਆਂ ਨੂੰ ਦੇਖ ਅੰਦਰਲੇ ਗੁਨਾਹ ਹੱਸੇ
ਅਸੀਂ ਬੇਚੈਨ ਹਾਂ ਕਿ ਕਿਸ ਲਈ ਇਹ ਖਾਹਮਖਾਹ ਹੱਸੇ

ਲੁਕੋ ਕੇ ਪੈਰ ਘਰ ਵਿਚ ਤੁਰ ਪਿਆ ਲੰਮੇ ਸਫ਼ਰ ਉੱਤੇ
ਮੁਸਾਫ਼ਿਰ ਦੀ ਸਿਆਣਪ 'ਤੇ ਬੜਾ ਜੰਗਲ ਦੇ ਰਾਹ ਹੱਸੇ

ਹਵਾ ਕੰਬੀ ਤੇ ਲਹਿਰਾਂ ਸਿਮਟੀਆਂ ਮੰਜ਼ਰ ਹੀ ਸੀ ਐਸਾ
ਜਦੋਂ ਡੂੰਘੀ ਉਦਾਸੀ 'ਚੋਂ ਸਮੁੰਦਰ ਦੇ ਮਲਾਹ ਹੱਸੇ

ਜੁੜੇ ਨਾ ਰਿਜ਼ਕ ਜੇ ਤਾਂ ਆਲ੍ਹਣੇ ਛੱਡ ਜਾਣ ਪੰਛੀ ਵੀ
ਘਰਾਂ ਦੇ ਅਰਥ ਕੀ ਰਹਿੰਦੇ ਜਦੋਂ ਚੁੱਲ੍ਹਿਆਂ 'ਚ ਘਾਹ ਹੱਸੇ

ਕੋਈ ਤਾਂ ਹੈ ਜੋ ਮੈਨੂੰ ਇਸ ਤਰਾਂ ਹੱਸਣ ਨਹੀਂ ਦਿੰਦਾ
ਜਿਵੇਂ ਫੱਗਣ 'ਚ ਫੁੱਲ ਹੱਸਣ ਤੇ ਕੱਤੇ ਵਿਚ ਕਪਾਹ ਹੱਸੇ

ਹਮੇਸ਼ਾ ਆਦਮੀ ਸੱਚ ਦੇ ਸਮਾਨੰਤਰ ਨਹੀਂ ਰਹਿੰਦਾ
ਕਦੇ ਉੱਸਰ ਕੇ ਵੀ ਰੋਵੇ, ਕਦੇ ਹੋ ਕੇ ਤਬਾਹ ਹੱਸੇ

•



ਅੱਗੇ ਰਾਹੀ ਰਾਹ ਪੁੱਛਦੇ, ਹੁਣ ਪੁੱਛਦੇ ਕਿੱਥੋਂ ਸਾਹ ਮਿਲਦੇ
ਅਪਣੀ ਰੂਹ ਦਾ ਪੱਤਣ ਭਾਲਣ ਜਾਂਦੇ ਰੋਜ਼ ਮਲਾਹ ਮਿਲਦੇ

ਓਸ ਗਰਾਂ ਦੀ ਚਰਚਾ ਤਾਂ ਹੈ ਪਰ ਕਿਧਰੇ ਨਾ ਰਾਹ ਮਿਲਦੇ
ਜਿੱਥੇ ਆਪਾਂ ਇਕ ਦੂਜੇ ਦਾ ਖ਼ੌਫ਼ ਦਿਲਾਂ ਤੋਂ ਲਾਹ ਮਿਲਦੇ

ਭੁੱਲ ਕੇ ਤਾਣੇ ਬਾਣੇ, ਦਰਦ ਪੁਰਾਣੇ, ਰੱਬ ਦੇ ਭਾਣੇ ਨੂੰ
ਇਕ ਵਾਰੀ ਤਾਂ ਯਾਰੋ ਸਾਨੂੰ ਹੋ ਕੇ ਬੇਪਰਵਾਹ ਮਿਲਦੇ

ਕੁਝ ਜ਼ਖ਼ਮਾਂ ਦੀ ਧੂਣੀ ਤਾਂ ਪੀੜ੍ਹੀ ਦਰ ਪੀੜ੍ਹੀ ਧੁਖ਼ਦੀ ਹੈ
ਕੁਝ ਮਹਿਮਾਨ ਅਚਾਨਕ ਆਉਂਦੇ, ਕਰਕੇ ਨਾ ਇਤਲਾਹ ਮਿਲਦੇ

ਮਾਰੂਥਲ ਵਿਚ ਸੁੱਤੇ ਮੇਰੇ ਅਰਮਾਨਾਂ ਦੇ ਮਿਰਗਾਂ ਨੂੰ
ਖ਼ਾਬਾਂ ਦੀ ਜੂਹ ਅੰਦਰ ਅਕਸਰ ਹੀ ਸਰਵਰ ਅਸਗਾਹ ਮਿਲਦੇ

ਸੂਲ਼ੀ ਉੱਤੇ ਚੜ੍ਹਦੇ ਲੋਕ ਹਜ਼ਾਰਾਂ ਤੇ ਰੁਲ ਜਾਂਦੇ ਨੇ
ਓਹੀ ਬਣੇ ਮਸੀਹਾ ਜਿਸ ਨੂੰ ਵੀ ਦੋ ਚਾਰ ਗਵਾਹ ਮਿਲਦੇ

•

ਚੰਨ ਅਸਮਾਨ 'ਚ ਕੰਬਦਾ, ਦੇਖ ਗ਼ਜ਼ਬ ਦਾ ਖੇਲ੍ਹ
ਜਗਦੇ ਦੀਵੇ ਪੀ ਰਹੇ ਇਕ ਦੂਜੇ ਦਾ ਤੇਲ

ਰਿਸ਼ਤੇ, ਰੀਝਾਂ, ਅੱਥਰੂ ਮਿਲਣ ਬਜ਼ਾਰੋਂ ਆਮ
ਕੀ ਹੁਣ ਦਰਦ ਵਿਯੋਗ ਦਾ, ਕੀ ਰੂਹਾਂ ਦਾ ਮੇਲ

ਥਾਏਂ ਖੜ੍ਹੀ ਉਡੀਕਦੀ ਯਾਤਰੀਆਂ ਦੀ ਭੀੜ
ਲੀਹਾਂ ਛੱਡ ਅਸਮਾਨ 'ਤੇ ਦੌੜ ਰਹੀ ਹੈ ਰੇਲ



ਘਰ ਦੀ ਹਾਲਤ ਦੇਖ ਕੇ, ਭੁੱਲ ਕੇ ਰੰਗਲੇ ਖ਼ਾਬ
ਬੁੱਢੇ ਰੁੱਖ 'ਤੇ ਚੜ੍ਹ ਗਈ ਇਕ ਕੁਰਲਾਉਂਦੀ ਵੇਲ

ਅੱਜ ਮੇਰੀ ਸੰਵੇਦਨਾ ਓਸ ਕੁੜੀ ਦੇ ਨਾਮ
ਮੇਲੇ ਵਿਚ ਜੋ ਟੋਲਦੀ ਸਸਤੇ ਅਤਰ ਫੁਲੇਲ

ਅੱਖਾਂ ਵਿਚ ਦੁਸ਼ਵਾਰੀਆਂ, ਬੁੱਲ੍ਹਾਂ ਉੱਤੇ ਗੀਤ
ਸੀਨੇ ਅੰਦਰ ਝਾੜੀਆਂ, ਗਲ ਵਿਚ ਹਾਰ ਹਮੇਲ

ਦੇਖ ਕੇ ਪੱਤੀਆਂ ਨੰਗੀਆਂ ਕੰਡਿਆਂ ਦੇ ਵਿਚਕਾਰ
ਪਾਣੀ ਪਾਣੀ ਹੋ ਗਈ ਫੁੱਲ 'ਤੇ ਪਈ ਤਰੇਲ

ਸੋਚਾਂ ਵਿਚ ਮੰਡਰਾ ਰਿਹਾ ਇਕ ਪੰਛੀ ਬੇਚੈਨ
ਜਿਸਦੇ ਨੈਣੀਂ ਗ਼ਰਦਿਸ਼ਾਂ, ਖੰਭਾਂ ਹੇਠ ਦੁਮੇਲ

ਮੈਂ ਲੋਚਾਂ ਇਸ ਡਾਲ 'ਤੇ ਪੰਛੀ ਕਰਨ ਕਲੋਲ
ਤੂੰ ਸੋਚੇਂ ਇਸ ਡਾਲ ਦੀ ਬਣਨੀ ਖ਼ੂਬ ਗੁਲੇਲ

•

ਅਧੂਰੇ ਰਹਿ ਗਏ ਚਾਵਾਂ ਨੂੰ ਹੱਸ ਕੇ ਟਾਲ ਛੱਡਾਂਗੇ
ਭਰੇ ਮੇਲੇ ਨੂੰ ਜਦ ਛੱਡਿਆ ਸਲੀਕੇ ਨਾਲ ਛੱਡਾਂਗੇ

ਤੇਰਾ ਐ ਜ਼ਿੰਦਗੀ ਐਵੇਂ ਨਹੀਂ ਜੰਜਾਲ ਛੱਡਾਂਗੇ
ਜਿਗਰ ਦੀ ਅੱਗ ਵਿਚ ਕੋਈ ਕੜੀ ਤਾਂ ਢਾਲ ਛੱਡਾਂਗੇ

ਜਦੋਂ ਧਰਤੀ 'ਚੋਂ ਉੱਠੀ ਹੂਕ ਚੀਰੇਗੀ ਖਲਾਵਾਂ ਨੂੰ
ਅਸੀਂ ਇਸ ਡੋਲਦੇ ਅਸਮਾਨ ਨੂੰ ਸੰਭਾਲ ਛੱਡਾਂਗੇ

ਅਸਾਡੇ ਅਕਸ ਇਹ ਖੰਡਿਤ ਕਰੇ ਜਦ ਰੂਬਰੂ ਹੋਈਏ
ਤੇਰੇ ਸ਼ੀਸ਼ੇ ਦੇ ਪਾਣੀ ਨੂੰ ਅਸੀਂ ਹੰਘਾਲ ਛੱਡਾਂਗੇ

ਅਜੇ ਵੀ ਇਸ਼ਕ ਦੀ ਸ਼ਿੱਦਤ ਲਹੂ ਅੰਦਰ ਸਲਾਮਤ ਹੈ
ਗਵਾਚੀ ਪੈੜ ਡਾਚੀ ਦੀ ਥਲਾਂ 'ਚੋਂ ਭਾਲ ਛੱਡਾਂਗੇ

ਅਜੇ ਤਾਂ ਰਿਜ਼ਕ ਦੀ ਔਖੀ ਚੜ੍ਹਾਈ ਰੋਜ਼ ਚੜ੍ਹਦੇ ਹਾਂ
ਮਿਲੀ ਜੇ ਵਿਹਲ ਆਪਾਂ ਵੀ ਕਬੂਤਰ ਪਾਲ ਛੱਡਾਂਗੇ

•



ਮੰਚ ਤੋਂ ਕੇਹੋ ਜਿਹਾ ਨਾਟਕ ਦਿਖਾਇਆ ਜਾ ਰਿਹਾ ਹੈ
ਜ਼ਖ਼ਮ ਦਾ ਕਿਰਦਾਰ ਖ਼ੰਜਰ ਤੋਂ ਨਿਭਾਇਆ ਜਾ ਰਿਹਾ ਹੈ

ਇਕ ਸੁਰੀਲੀ ਤਾਨ ਦਾ ਵਾਅਦਾ ਸੀ ਫਿਰ ਇਹ ਸ਼ੋਰ ਕਾਹਦਾ
ਕੀ ਸੁਣਨ ਆਇਆ ਸੀ ਮੈਂ ਇਹ ਕੀ ਸੁਣਾਇਆ ਜਾ ਰਿਹਾ ਹੈ

ਕਿਸ ਤਰ੍ਹਾਂ ਦੀ ਜੰਗ ਹੈ ਦੋਨੋਂ ਤਰਫ਼ ਮੈਂ ਆਪ ਹੀ ਹਾਂ
ਮੈਨੂੰ ਮੇਰੇ ਨਾਲ ਕਿਸ ਗੱਲੋਂ ਲੜਾਇਆ ਜਾ ਰਿਹਾ ਹੈ

ਖ਼ੌਫ਼ ਦੀ ਲਿੱਪੀ ’ਚ ਇਕ ਦਰਵੇਸ਼ ਜੰਗਲ ਦੇ ਸਫ਼ੇ ’ਤੇ
ਤਰਜਮਾ ਅੱਗ ਦਾ ਦਰਖਤਾਂ ਤੋਂ ਕਰਾਇਆ ਜਾ ਰਿਹਾ ਹੈ

ਪਾੜਨੇ ਪਾਣੀ ਪੜ੍ਹਾਇਆ ਜਾ ਰਿਹਾ ਹੈ ਪੱਥਰਾਂ ਨੂੰ
ਸ਼ੀਸ਼ਿਆਂ ਨੂੰ ਢੰਗ ਤਿੜਕਣ ਦਾ ਸਿਖਾਇਆ ਜਾ ਰਿਹਾ ਹੈ

ਰੱਤ ਕਲੀਆਂ ਦੀ ਪਿਲਾਈ ਜਾ ਰਹੀ ਹੈ ਭੰਵਰਿਆਂ ਨੂੰ
ਤਿਤਲੀਆਂ ਨੂੰ ਮਾਸ ਫੁੱਲਾਂ ਦਾ ਖਵਾਇਆ ਜਾ ਰਿਹਾ ਹੈ

ਸੁਲਗਦਾ ਲਾਵਾ, ਨਦੀ ਤੇਜ਼ਾਬ ਦੀ, ਅੱਗ ਦਾ ਜਜ਼ੀਰਾ
ਮੇਰੀਆਂ ਨੀਦਾਂ ’ਚ ਇਹ ਕੀ ਕੀ ਛੁਪਾਇਆ ਜਾ ਰਿਹਾ ਹੈ

ਦੀਵਿਆ ਤੂੰ ਸੋਚ ਤੇਰੇ ਹੁੰਦਿਆਂ ਸੂਰਜ ਤੋਂ ਚੋਰੀ
ਕਾਫ਼ਲਾ ਕਿਰਨਾਂ ਦਾ ਕਿੱਧਰ ਨੂੰ ਲਿਜਾਇਆ ਜਾ ਰਿਹਾ ਹੈ

ਦਰਦ ਦੀ ਡੂੰਘੀ ਨਦੀ ਵਿਚ ਰੋਜ਼ ਡੁਬਦੇ ਹਾਂ ਅਸੀਂ ਤਾਂ
ਰੋਜ਼ ਸੁਣਦੇ ਹਾਂ ਕਿ ਇਸ ’ਤੇ ਪੁਲ ਬਣਾਇਆ ਜਾ ਰਿਹਾ ਹੈ

•



ਬਿਗਾਨੀ ਜੂਹ ’ਚ ਸੂਰਜ ਲਭਦਿਆਂ ਹੀ ਸ਼ਾਮ ਢਲ ਜਾਣੀ
ਤੁਹਾਡੇ ਆਉਣ ਤੱਕ ਇਹ ਮੋਮਬੱਤੀ ਵੀ ਪਿਘਲ ਜਾਣੀ

ਗ਼ਜ਼ਬ ਦੀ ਚੀਜ਼ ਹੈ ਇਹ ਜ਼ਿੰਦਗੀ ਤੂੰ ਚੌਕਸੀ ਰੱਖੀਂ
ਇਹ ਪਾਰੇ ਦੀ ਡਲੀ ਤੇਰੀ ਹਥੇਲੀ ਤੋਂ ਫਿਸਲ ਜਾਣੀ

ਤੁਸੀਂ ਜਜ਼ਬਾਤ ਦੀ ਧਾਰਾ ਦਾ ਨਕਸ਼ਾ ਵਾਹ ਨਹੀਂ ਸਕਦੇ
ਲਕੀਰਾਂ ਖਿਚਦਿਆਂ ਹੀ ਇਹ ਨਦੀ ਰਸਤਾ ਬਦਲ ਜਾਣੀ

ਤੁਸੀਂ ਜਿਸ ਆਸਰੇ ਚੜ੍ਹਦੇ ਹੋ ਸ਼ੁਹਰਤ ਦੀ ਬੁਲੰਦੀ ’ਤੇ
ਕਿਸੇ ਨੇ ਖਿੱਚ ਲੈਣੀ ਜਾਂ ਉਹ ਪੌੜੀ ਖ਼ੁਦ ਫਿਸਲ ਜਾਣੀ

ਮੁਸਾਫ਼ਿਰ ਨੂੰ ਕਹੋ ਜੇ ਥੱਕ ਗਿਆ ਤਾਂ ਗੀਤ ਹੀ ਗਾਵੇ
ਉਹਦੀ ਆਵਾਜ਼ ਫਿਰ ਬਚਦੇ ਸਫ਼ਰ ਉੱਤੇ ਨਿਕਲ ਜਾਣੀ

ਮੇਰੀ ਮਿੱਟੀ ’ਚ ਉੱਗੇ ਫੁੱਲ ਜੇ ਮੁਰਝਾ ਗਏ ਤਾਂ ਕੀ
ਜੋ ਖ਼ੁਸ਼ਬੂ ਰਹਿ ਗਈ ਪਿੱਛੇ ਨਾ ਅੱਜ ਜਾਣੀ ਨਾ ਕੱਲ੍ਹ ਜਾਣੀ

•

ਫ਼ਸੀਲਾਂ ਕੋਲ ਭਾਵੇਂ ਦਰਦ ਅਪਣਾ ਫੋਲਦਾ ਹੋਵੇ
ਕੋਈ ਪੱਥਰ ਤਾਂ ਇਸ ਖੰਡਰ ਦੇ ਅੰਦਰ ਬੋਲਦਾ ਹੋਵੇ

ਕੋਈ ਏਦਾਂ ਵੀ ਪੜ੍ਹਦਾ ਹੈ ਪੁਰਾਣੇ ਖ਼ਤ ਕਈ ਵਾਰੀ
ਹਵਾਵਾਂ ਵਿਚ ਗਵਾਚੀ ਮਹਿਕ ਜਿੱਦਾਂ ਟੋਲਦਾ ਹੋਵੇ

ਮੈਂ ਇਸ ਜੰਗਲ 'ਚ ਲਭਦਾ ਹਾਂ ਕਿਸੇ ਐਸੇ ਪਰਿੰਦੇ ਨੂੰ
ਹਵਾ ਦੇ ਉਲਟ ਜੋ ਉੱਡਣ ਲਈ ਪਰ ਤੋਲਦਾ ਹੋਵੇ

ਮਿਲੇ ਉਹ ਜ਼ਖ਼ਮ ਜੋ ਖ਼ੰਜਰ ਨੂੰ ਵੀ ਕਰ ਦੇਵੇ ਸ਼ਰਮਿੰਦਾ
ਮਿਲੇ ਉਹ ਦਰਦ ਜੋ ਮਹਿਕਾਂ ਲਹੂ ਵਿਚ ਘੋਲਦਾ ਹੋਵੇ

ਇਹ ਕੰਬਦੀ ਰੌਸ਼ਨੀ ਜੋ ਰਾਤ ਦੇ ਮੱਥੇ 'ਤੇ ਪੈਂਦੀ ਹੈ
ਕਿਤੇ ਅਪਣਾ ਹੀ ਤਾਰਾ ਨਾ ਖਲਾਅ ਵਿਚ ਡੋਲਦਾ ਹੋਵੇ

ਬਣੇ ਦੀਵਾਰ ਇਕ ਦੂਜੇ ਦੇ ਅੱਗੇ ਹਮਸਫ਼ਰ ਹੁਣ ਤਾਂ
ਕੋਈ ਐਸਾ ਨਹੀਂ ਦਿਸਦਾ ਜੋ ਰਸਤਾ ਖੋਲ੍ਹਦਾ ਹੋਵੇ

•



ਅਜੇ ਵੀ ਬਹੁਤ ਸਾਰੇ ਬੀਜ ਪੁੰਗਰਨ ਨੂੰ ਮਚਲਦੇ ਨੇ
ਭਲਾ ਇਹ ਲੋਕ ਮਿੱਟੀ ਗ਼ਮਲਿਆਂ ਦੀ ਕਿਉਂ ਬਦਲਦੇ ਨੇ

ਇਨ੍ਹਾਂ ਗਲੀਆਂ 'ਚ ਹਾਲੇ ਘੁੰਮਦੀਆਂ ਨੰਗੇ ਬਦਨ ਰਾਤਾਂ
ਤੇ ਬੁਰਕੇ ਪਹਿਨ ਕੇ ਇਸ ਸ਼ਹਿਰ ਦੇ ਸੂਰਜ ਨਿਕਲਦੇ ਨੇ

ਬੜਾ ਇਤਰਾਜ਼ ਹੈ ਜੰਗਲ 'ਤੇ ਪਤਝੜ ਦੇ ਵਕੀਲਾਂ ਨੂੰ
ਬਿਨਾਂ ਮਨਜ਼ੂਰੀਓਂ ਇਹ ਬਿਰਖ ਕਿਉਂ ਪੱਤੇ ਬਦਲਦੇ ਨੇ

ਸਫ਼ਰ ਵਿਚ ਖ਼ਾਹਿਸ਼ਾਂ ਅਨੁਸਾਰ ਨਾ ਸੂਰਜ ਗਤੀ ਬਦਲੇ
ਨਾ ਪਰਛਾਵੇਂ ਹੀ ਮਨਮਰਜ਼ੀ ਦੇ ਆਕਾਰਾਂ 'ਚ ਢਲਦੇ ਨੇ

ਬਲੇ ਜੇ ਬੀਨ ਕੋਈ ਬੇਸੁਰੀ ਤਾਂ ਚੀਖ਼ਦੈ ਜੰਗਲ
ਰਹੇ ਖ਼ਾਮੋਸ਼ ਕਿਉਂ ਜਦ ਵੀ ਸੁਰੀਲੇ ਸਾਜ਼ ਬਲਦੇ ਨੇ

ਜੋ ਹਟ ਕੇ ਭੀੜ ਤੋਂ ਚਲਦਾ ਇਕੱਲਾ ਉਹ ਵੀ ਨਾ ਹੁੰਦਾ
ਹਜ਼ਾਰਾਂ ਕਾਫ਼ਲੇ ਸੋਚਾਂ ਦੇ ਉਸ ਦੇ ਨਾਲ ਚਲਦੇ ਨੇ

ਤੂੰ ਦਿਲ ਦੀ ਝੀਲ ਵਿਚ ਡਿੱਗਣ ਨਾ ਦੇ ਪੱਥਰ ਨਮੋਸ਼ੀ ਦੇ
ਇਹ ਨਾ ਪਾਣੀ 'ਚ ਖੁਰਦੇ ਨੇ ਤੇ ਨਾ ਮਿੱਟੀ 'ਚ ਗਲਦੇ ਨੇ

ਤੂੰ ਮਾਸੂਮਾਂ ਦਿਆਂ ਨੈਣਾਂ 'ਚ ਡੁੱਬ ਕੇ ਪਾਕ ਹੋ ਸਕਦੈਂ
ਇਨ੍ਹਾਂ ਝੀਲਾਂ 'ਚ ਕਾਂ ਵੀ ਹੰਸ ਬਣ ਬਣ ਕੇ ਨਿਕਲਦੇ ਨੇ

ਕਦੇ ਦੁੱਖਾਂ ਦੇ ਭਾਰੇ ਮੀਂਹ 'ਚ ਵੀ ਨਾ ਭਿਜਦੀਆਂ ਅੱਖਾਂ
ਕਦੇ ਇੱਕੋ ਕਣੀ ਦੇ ਨਾਲ ਦਿਲ ਦਰਿਆ ਉਛਲਦੇ ਨੇ

ਮੁਹੱਬਤ ਦੀ ਸੁਗੰਧੀ ਆਸਰੇ ਚਲਦੇ ਹਾਂ ਆਪਾਂ ਤਾਂ
ਬਥੇਰੇ ਲੋਕ ਨੇ ਜੋ ਸਿਰਫ਼ ਪੈਰਾਂ ਨਾਲ ਚਲਦੇ ਨੇ

•



ਬੜਾ ਔਖਾ ਹੈ ਜੀਣਾ ਸਿਰ 'ਤੇ ਸੌ ਇਲਜ਼ਾਮ ਲੈ ਕੇ
ਮੈਂ ਹੌਲਾ ਫੁੱਲ ਹੋ ਜਾਂਦਾ ਹਾਂ ਤੇਰਾ ਨਾਮ ਲੈ ਕੇ

ਘਰੋਂ ਚੱਲੇ ਸੀ ਸੁਖ ਦੀ ਨੀਂਦ ਦਾ ਸਾਮਾਨ ਭਾਲਣ
ਘਰਾਂ ਨੂੰ ਪਰਤ ਆਏ ਬਾਹਰ ਦਾ ਕੁਹਰਾਮ ਲੈ ਕੇ

ਨਮੀ ਸਾਂਭੀ ਹੈ ਕੁਝ ਰੁੱਖਾਂ ਨੇ ਲੰਮੀ ਔੜ ਵਿਚ ਵੀ
ਹਵਾ ਆਈ ਹੈ ਧੁਰ ਜੰਗਲ 'ਚੋਂ ਇਹ ਪੈਗ਼ਾਮ ਲੈ ਕੇ

ਉਹਦੀ ਪਰਭਾਤ ਦੇ ਪਿੰਡੇ 'ਤੇ ਛਾਲੇ ਪੈਣਗੇ ਹੀ
ਜੋ ਰਾਤੀਂ ਸੌਂ ਗਿਆ ਸੀਨੇ 'ਚ ਧੁਖ਼ਦੀ ਸ਼ਾਮ ਲੈ ਕੇ

ਮੇਰੇ ਇਤਿਹਾਸ 'ਚੋਂ ਜਗਦੇ ਪਲਾਂ ਨੂੰ ਸਾਂਭਣਾ ਸੀ
ਕਰੇਂਗਾ ਕੀ ਤੂੰ ਮੇਰਾ ਦੁਖਮਈ ਅੰਜਾਮ ਲੈ ਕੇ

•

ਜਿਉਂਦੇ ਰਹਿਣ ਦਾ ਕਿੰਨਾ ਕੁ ਮੁੱਲ ਹੋਰ ਦਿਆਂ
ਮੈਂ ਕਿਉਂ ਨਾ ਵਕਤ ਨੂੰ ਧਰ ਕੇ ਤਲੀ 'ਤੇ ਭੋਰ ਦਿਆਂ

ਮੇਰੇ ਸਫ਼ਰ 'ਚ ਇਹ ਦੀਵਾਰ ਹੀ ਨਾ ਬਣ ਜਾਵੇ
ਤੇਰੇ ਵਿਯੋਗ ਨੂੰ ਪਲਕੀਂ ਛੁਪਾ ਕੇ ਖੋਰ ਦਿਆਂ

ਅਜੇ ਨਾ ਚਹਿਕ ਨੀ ਚਿੜੀਏ ਮੇਰੇ ਬਨੇਰੇ 'ਤੇ
ਜ਼ਰਾ ਕੁ ਠਹਿਰ ਮੈਂ ਵਾਧੂ ਆਵਾਜ਼ਾਂ ਤੋਰ ਦਿਆਂ

ਬਗ਼ੈਰ ਡੋਰ ਦੇ ਜਿਸ ਵਿਚ ਪਤੰਗ ਚੜ੍ਹਦੇ ਨੇ
ਤੇਰੀ ਉਡਾਣ ਨੂੰ ਅੰਬਰ ਨਵਾਂ ਨਕੋਰ ਦਿਆਂ

ਹਰੇਕ ਹਾਦਸਾ ਮੇਰੇ ਲਹੂ 'ਚੋਂ ਲੰਘਦਾ ਏ
ਮੈਂ ਅਪਣੀ ਹੋਸ਼ ਨੂੰ ਕਿਉਂ ਨਾ ਜ਼ਰਾ ਕੁ ਲੋਰ ਦਿਆਂ

ਮੇਰੇ ਕਲਾਮ 'ਚ ਜੇ ਜਾਨ ਹੋਈ ਦਿਸ ਪੈਣੀ
ਹਰੇਕ ਲਫ਼ਜ਼ 'ਤੇ ਕਾਹਤੋਂ ਫ਼ਜ਼ੂਲ ਜ਼ੋਰ ਦਿਆਂ

•



ਹਨ੍ਹੇਰਾ ਹੋ ਗਿਆ ਤਾਂ ਖ਼ੌਫ਼ ਕਾਹਦਾ
ਚਿਰਾਗ਼ਾਂ ਦਾ ਅਜੇ ਪਰਿਵਾਰ ਜਾਗੇ
ਜੇ ਸੂਰਜ ਸੌਂ ਗਿਆ ਤਾਂ ਫੇਰ ਕੀ ਹੈ
ਮੇਰੇ ਮੱਥੇ 'ਚ ਇਕ ਸੰਸਾਰ ਜਾਗੇ

ਜਦੋਂ ਭਰਿਆ ਗਿਆ ਰਗ ਰਗ 'ਚ ਪਾਰਾ
ਜਦੋਂ ਰੱਖਿਆ ਗਿਆ ਸੀਨੇ'ਤੇ ਆਰਾ
ਜਦੋਂ ਲੁੱਟਿਆ ਗਿਆ ਭੰਬੋਰ ਸਾਰਾ
ਉਦੋਂ ਜਾਗੇ ਵੀ ਤਾਂ ਬੇਕਾਰ ਜਾਗੇ

ਜੋ ਡਰ ਕੇ ਰਾਤ ਤੋਂ ਰੂਪੋਸ਼ ਹੋਇਆ
ਜੋ ਡਰ ਕੇ ਪੌਣ ਤੋਂ ਬੇਹੋਸ਼ ਹੋਇਆ
ਜੋ ਡਰ ਕੇ ਸ਼ੋਰ ਤੋਂ ਖ਼ਾਮੋਸ਼ ਹੋਇਆ
ਮੇਰੀ ਕੋਸ਼ਿਸ਼ ਹੈ ਉਹ ਫ਼ਨਕਾਰ ਜਾਗੇ

ਮੈਂ ਰੂਹ ਦੇ ਸਾਜ਼ ਤੋਂ ਮਿੱਟੀ ਉਤਾਰਾਂ
ਮੈਂ ਇਕ ਇਕ ਹਰਫ਼ ਨੂੰ ਆਵਾਜ਼ ਮਾਰਾਂ
ਤੇਰੇ ਤੋਂ ਵਾਰਨਾ ਗੀਤਾਂ ਦਾ ਵਾਰਾਂ
ਤੇਰੀ ਝਾਂਜਰ ਦੀ ਜੇ ਛਣਕਾਰ ਜਾਗੇ

ਅਜੇ ਫੁੱਲਾਂ ਨੂੰ ਉੱਗਣ ਦੀ ਮਨਾਹੀ
ਅਜੇ ਰੰਗਾਂ ਨੂੰ ਲੈ ਜਾਂਦੇ ਸਿਪਾਹੀ
ਉਦੋਂ ਮਹਿਕਣਗੀਆਂ ਗ਼ੁਲਦਉਦੀਆਂ ਵੀ
ਜਦੋਂ ਮਿੱਟੀ ਦੇ ਦਾਅਵੇਦਾਰ ਜਾਗੇ

ਤੂੰ ਐਵੇਂ ਫ਼ਿਕਰ ਮੌਸਮ ਦਾ ਕਰੀਂ ਨਾ
ਤੂੰ ਐਵੇਂ ਸ਼ੋਖ ਲਹਿਰਾਂ ਤੋਂ ਡਰੀਂ ਨਾ
ਸਮੁੰਦਰ ਨੂੰ ਵੀ ਆ ਜਾਣਾ ਪਸੀਨਾ
ਮਲਾਹਾਂ ਦੇ ਜਦੋਂ ਪਤਵਾਰ ਜਾਗੇ

•



ਹੋਰ ਥਾਂ ਡਿੱਗੀ ਹੈ ਬਿਜਲੀ, ਹਾਦਸਾ ਤਾਂ ਦੂਰ ਹੋਇਆ
ਪਰ ਮੇਰੇ ਅੰਦਰ ਵੀ ਕਿੰਨਾ ਕੁਝ ਹੈ ਚਕਨਾਚੂਰ ਹੋਇਆ

ਇਕ ਪਰਿੰਦੇ ਦੇ ਪਤੇ 'ਤੇ ਅੱਗ ਦੇ ਖ਼ਤ ਆਉਣ ਲੱਗੇ
ਅੰਤ ਨੂੰ ਉਹ ਆਲ੍ਹਣਾ ਛੱਡਣ ਲਈ ਮਜਬੂਰ ਹੋਇਆ

ਖ਼ੁਦ ਨੂੰ ਧੋਖਾ ਦੇ ਕੇ ਵੀ ਮੈਂ ਬਚ ਨਹੀਂ ਸਕਦਾ ਸੀ ਤਾਹੀਂ
ਸਿਰ ਲੁਕੋਣਾ ਰੇਤ ਵਿਚ ਮੈਨੂੰ ਨਹੀਂ ਮਨਜ਼ੂਰ ਹੋਇਆ

ਰਾਤ ਇਕ ਐਸੀ ਵੀ ਆਈ ਸੀ ਕਿ ਮੈਂ ਰੋ ਵੀ ਨਾ ਸਕਿਆ
ਬਰਫ਼ ਸੀ ਖ਼ਾਬਾਂ 'ਚ ਪਰ ਇਹ ਜਿਸਮ ਸੀ ਤੰਦੂਰ ਹੋਇਆ

ਤੂੰ ਉਦੋਂ ਕਿੱਥੇ ਸੀ ਮੇਰਾ ਦਿਲ ਜਦੋਂ ਸੀ ਫੁੱਲ ਵਰਗਾ
ਤੂੰ ਉਦੋਂ ਆਇਐਂ ਜਦੋਂ ਇਹ ਮਹਿਕਦਾ ਨਾਸੂਰ ਹੋਇਆ

ਪਿੰਡ ਦੇ ਦਾਨਿਸ਼ਵਰਾਂ ਨਾ ਦੇਖੀਆਂ ਬਾਰੀਕ ਤੰਦਾਂ
ਸੱਥ ਵਿਚ ਕਠਪੁਤਲੀਆਂ ਦਾ ਨਾਚ ਸੀ ਭਰਪੂਰ ਹੋਇਆ

ਵੇਚਣੇ ਦੀਵੇ ਅਤੇ ਇਤਰਾਜ਼ ਕਰਨਾ ਰੌਸ਼ਨੀ 'ਤੇ
ਰਾਤ ਦੇ ਸੌਦਾਗਰਾਂ ਦਾ ਇਹ ਵੀ ਕੀ ਦਸਤੂਰ ਹੋਇਆ

•

ਸੋਚਾਂ ਦੀ ਅੱਗ ਅੰਦਰ ਅਪਣੀ ਰੱਤ ਵੀ ਸਾੜਨ ਲੱਗਿਆ ਹਾਂ
ਇੱਕ ਅਮੂਰਤ ਚਿਹਰੇ ਦੇ ਫਿਰ ਨਕਸ਼ ਉਘਾੜਨ ਲੱਗਿਆ ਹਾਂ

ਜਿਸ 'ਤੇ ਰੱਖੇ ਦੀਵੇ ਦੀ ਲੋਅ ਪਲ ਵਿਚ ਭਾਂਬੜ ਬਣ ਜਾਂਦੀ
ਮੈਂ ਐਸੀ ਦਰਗਾਹ ਦੀ ਇਕ ਇਕ ਇੱਟ ਉਖਾੜਨ ਲੱਗਿਆ ਹਾਂ

ਮੰਨਿਆ ਇਹ ਕੱਚਾ ਹੋਵੇਗਾ ਪਰ ਮੇਰਾ ਤਾਂ ਹੋਵੇਗਾ
ਸੜਕ ਬਿਗਾਨੀ ਛੱਡ ਕੇ ਮੈਂ ਜੋ ਲੀਹਾ ਪਾੜਨ ਲੱਗਿਆ ਹਾਂ

ਅੰਬਰ ਤਕ ਸੱਨਾਟੇ ਵਿਚ ਆਵਾਜ਼ਾਂ ਛੱਡਾਂ, ਸ਼ੋਰ ਕਰਾਂ
ਕਿਉਂ ਮੈਂ ਰੂਹ ਦਾ ਕਰਜ਼ ਹਵਾਵਾਂ ਦੇ ਸਿਰ ਚਾੜ੍ਹਨ ਲੱਗਿਆ ਹਾਂ

ਉਸ ਬੂਟੇ 'ਤੇ ਫੁੱਟ ਸਕਦੀ ਹੈ ਮੇਰੇ ਨਾਂ ਦੀ ਲਗਰ ਕਦੇ
ਜਿਸ ਦੇ ਸੁੱਕੇ ਪੱਤੇ ਪੈਰਾਂ ਹੇਠ ਲਿਤਾੜਨ ਲੱਗਿਆ ਹਾਂ

ਇਕ ਤਾਂ ਅੰਬਰੋਂ ਡਿੱਗਿਆ ਹਾਂ ਤੇ ਦੂਜਾ ਹਾਂ ਪਰ-ਹੀਣਾ ਵੀ
ਤੀਜਾ ਜ਼ੋਰੋ ਜ਼ੋਰ ਹਵਾਵਾਂ ਨਾਲ ਵਿਗਾੜਨ ਲੱਗਿਆ ਹਾਂ

•



ਤੇਰੇ ਖ਼ਿਆਲ ਦਾ ਮੈਨੂੰ ਸਰੂਰ ਇਉਂ ਚੜ੍ਹਿਆ
ਜਿਵੇਂ ਫ਼ਕੀਰ ਨੂੰ ਆ ਕੇ ਵਜਦ 'ਚ ਹਾਲ ਪਵੇ
ਖ਼ੁਦੀ ਤੋਂ ਪਾਰਲਾ ਮੰਜ਼ਰ ਕਿਵੇਂ ਬਿਆਨ ਕਰਾਂ
ਦਿਲਾਂ ਦੇ ਦੇਸ ਵਿਚ ਅਕਸਰ ਅਕਲ ਦਾ ਕਾਲ ਪਵੇ

ਮੈਂ ਅਪਣਾ ਸਾਇਆ ਵੀ ਖ਼ੁਦ ਤੋਂ ਅਲੱਗ ਕਰ ਆਇਆਂ
ਹਵਾ ਦੀ ਜੂਨ ਵਿਚ ਪੈ ਕੇ ਹੀ ਤੇਰੇ ਦਰ ਆਇਆਂ
ਤੇ ਕਾਸਾ ਆਪਣਾ ਗੋਰਖ ਦੇ ਟਿੱਲੇ ਧਰ ਆਇਆਂ
ਮਤੇ ਇਹਦੇ 'ਚ ਮੁੜ ਕੇ ਮੋਤੀਆਂ ਦਾ ਥਾਲ ਪਵੇ

ਉਣੀਂਦੇ ਖ਼ਾਬ ਜੋ ਝੰਜੋੜ ਕੇ ਜਗਾ ਲੈਣੇ
ਬਚਾ ਕੇ ਖੁਰਨ ਤੋਂ ਨੈਣਾਂ 'ਚ ਇਹ ਸਜਾ ਲੈਣੇ
ਖ਼ਿਆਲ ਰੱਖਣਾ ਨੈਣਾਂ ਦੇ ਮਾਰੂਥਲ ਅੰਦਰ
ਜੇ ਉਡਦੀ ਰੇਤ ਹੈ ਬਾਰਿਸ਼ ਵੀ ਤਾਂ ਕਮਾਲ ਪਵੇ

ਕਦੇ ਵਿਯੋਗ ਦੀ ਸੂਲ਼ੀ ਦਾ ਹੁਸਨ ਮੋਹ ਲੈਂਦਾ
ਕਦੇ ਮਿਲਾਪ ਵੀ ਫੁੱਲਾਂ ਤੋਂ ਮਹਿਕ ਖੋਹ ਲੈਂਦਾ
ਅਜੀਬ ਸਿਲਸਿਲਾ ਹੈ ਜ਼ਿੰਦਗੀ ਦੀ ਕਵਿਤਾ ਦਾ
ਹਰੇਕ ਹਰਫ਼ ਹੀ ਦਿਲ ਦੇ ਲਹੂ ਦੇ ਨਾਲ ਪਵੇ

ਸਦੀਵੀ ਬੋਲ ਕੋਈ ਕੰਠ 'ਚੋਂ ਰਿਹਾਅ ਕਰੀਏ
ਵਸਲ ਦੇ ਏਸ ਪਲ 'ਚ ਬਸ ਏਹੀ ਦੁਆ ਕਰੀਏ
ਕਿ ਪੰਛੀਆਂ ਦੇ ਨਾਲ ਨਾਲ ਤੀਰ ਨਾ ਉੱਡਣ
ਖਿਲਾਰੀ ਚੋਗ਼ ਦੇ ਉੱਤੇ ਕਦੇ ਨਾ ਜਾਲ ਪਵੇ

•

ਦਿਲ ਦੇ ਬਲੌਰ 'ਚੋਂ ਬੜੇ ਨਿਕਲਣਗੇ ਰੰਗ ਹੋਰ
ਅੰਬਰ 'ਚ ਉੱਡੀ ਜਾਣ ਦੇ ਅਪਣੀ ਪਤੰਗ ਹੋਰ

ਜਿੱਤ ਕੇ ਮੁੜਨ ਦਾ ਜਸ਼ਨ ਹੁਣ ਕਿੱਥੇ ਮਨਾਏਂਗਾ
ਘਰ ਵਿਚ ਵੀ ਤੂੰ ਉਡੀਕਦੀ ਦੇਖੇਂਗਾ ਜੰਗ ਹੋਰ

ਯਾਦਾਂ ਦੇ ਜ਼ਹਿਰੀ ਨਾਗ ਤੂੰ ਸੁੱਤੇ ਹੀ ਰਹਿਣ ਦੇ
ਜਾਗੇ ਤਾਂ ਓਸੇ ਜ਼ਖ਼ਮ 'ਤੇ ਮਾਰਨਗੇ ਡੰਗ ਹੋਰ

ਖ਼ੰਜਰ ਕਿਸੇ ਦੇ ਖ਼ੂਨ ਵਿਚ ਡੋਬਣ ਦੀ ਲੋੜ ਕੀ
ਚਰਚਾ 'ਚ ਹੁਣ ਤਾਂ ਬਹੁਤ ਨੇ ਮਾਰਨ ਦੇ ਢੰਗ ਹੋਰ

ਰੀਝਾਂ ਦੇ ਛੰਭ ਖ਼ੂਬ ਨੇ ਸੁਕਦੇ ਨਹੀਂ ਕਦੇ
ਦਿਲ ਦੇ ਪਤਾਲ 'ਚੋਂ ਰਹੇ ਸਿੰਮਦੀ ਉਮੰਗ ਹੋਰ

ਪੱਥਰਾਂ ਦੀ ਮਾਰ ਨਾਲ ਇਹ ਲਹਿਰਾਂ ਨਾ ਮਰਦੀਆਂ
ਉਠਦੀ ਹੈ ਹਰ ਤਰੰਗ ਦੇ ਪਿੱਛੇ ਤਰੰਗ ਹੋਰ

•



ਦਿਲ ਦੀ ਉਦਾਸ ਪਰਤ ਨੂੰ ਐਵੇਂ ਹੀ ਫੋਲਿਆ
ਖ਼ੂਹਾਂ ਦੀ ਗਾਰ ਨੂੰ ਭਲਾ ਕਿਸ ਨੇ ਹੈ ਤੋਲਿਆ

ਹੰਝੂਆਂ ਦਾ ਲੈ ਜਾ ਮੁੱਲ ਤੇ ਘਰ ਆਪਣੇ ਤੂੰ ਜਾਹ
ਮੇਰੇ ਸਿਰ੍ਹਾਣੇ ਬੈਠ ਕੇ ਤੂੰ ਬਹੁਤ ਰੋ ਲਿਆ

ਮੇਰੀ ਤਪਸ਼ ਤੋਂ ਪਾਰ ਇਕ ਰੇਤੇ ਦੀ ਝੀਲ ਸੀ
ਪਾਣੀ ਸਮਝ ਕੇ ਜਿਸ 'ਚ ਮੈਂ ਖ਼ੁਦ ਨੂੰ ਡੁਬੋ ਲਿਆ

ਸਿੰਮਦੀ ਹੈ ਕੋਈ ਅੱਖ ਤਾਂ ਮੁੜ ਕੇ ਹੈ ਜਾਗਦਾ
ਉਹ ਜ਼ਖ਼ਮ ਜੋ ਮੈਂ ਆਪਣੇ ਅੰਦਰ ਲੁਕੋ ਲਿਆ

ਡਰਨਾ ਹੈ ਕੀ ਜਹਾਨ ਤੋਂ, ਡਰਦਾ ਹਾਂ ਉਸ ਤੋਂ ਮੈਂ
ਮੇਰੇ ਖ਼ਿਲਾਫ਼ ਜੋ ਮੇਰੇ ਸੀਨੇ 'ਚੋਂ ਬੋਲਿਆ

ਰੱਖਣਗੇ ਮੈਨੂੰ ਯਾਦ ਉਹ ਪਹਿਨਣ ਤੋਂ ਬਾਦ ਵੀ
ਫੁੱਲਾਂ ਦੇ ਹਾਰ ਵਿਚ ਮੈਂ ਇਕ ਕੰਡਾ ਪਰੋ ਲਿਆ

•

ਚੰਦ ਤਾਂ ਖੁਣਵਾ ਲਿਆ ਮੱਥੇ ’ਤੇ ਕਿੰਨਾ ਸ਼ਾਨਦਾਰ
ਫੇਰ ਵੀ ਸੀਨੇ ’ਚ ਹੈ ਓਵੇਂ ਦਾ ਓਵੇਂ ਅੰਧਕਾਰ

ਬਚਦੀਆਂ ਡੋਰਾਂ ਸਮੇਟੋ ਹੁਣ ਤਾਂ ਏਹੋ ਠੀਕ ਹੈ
ਇਸ ਹਨ੍ਹੇਰੀ ’ਚੋਂ ਨਹੀਂ ਮੁੜਨੀ ਪਤੰਗਾਂ ਦੀ ਕਤਾਰ

ਬਸ ਜ਼ਮੀਰਾਂ ਹੀ ਤੁਸੀਂ ਗਿਰਵੀ ਕਰੋ ਤੇ ਲੈ ਲਵੋ
ਸੌਖੀਆਂ ਕਿਸ਼ਤਾਂ ’ਚ ਮਿਲ ਜਾਂਦੇ ਨੇ ਰਿਸ਼ਤੇ ਬੇਸ਼ੁਮਾਰ

ਵਸਤਰਾਂ ਦੇ ਵਾਂਗ ਚਿਹਰੇ ਵੀ ਬਦਲ ਲੈਂਦੇ ਨੇ ਲੋਕ
ਵਸਤੂਆਂ ਦੇ ਵਾਂਗ ਕਰਦੇ ਭਾਵਨਾਵਾਂ ਦਾ ਵਪਾਰ

ਹੁਣ ਤੁਸੀਂ ਨਿਰਜੀਵ ਚੀਜ਼ਾਂ ਨਾਲ ਹੀ ਦੁਖ ਸੁਖ ਕਰੋ
ਜ਼ਿੰਦਗੀ ਨੀਲਾਮ ਕਰਕੇ ਘਰ ਲਿਆਏ ਹੋ ਬਜ਼ਾਰ

ਖਹਿ ਕੇ ਜੋ ਆਪਸ ’ਚ ਤਿੜਕਣ ਐਸੇ ਸ਼ੀਸ਼ੇ ਹਾਂ ਅਸੀਂ
ਬੇਵਜਾਹ ਹੀ ਕਰ ਰਹੇ ਪੱਥਰ ਅਸਾਡਾ ਇੰਤਜ਼ਾਰ

ਦਿਲ ’ਚ ਤੇਰੇ ਤਾਂਘ ਸਾਡੇ ਨਾਲ ਜੇ ਉੱਡਣ ਦੀ ਹੈ
ਆਪਣੀ ਹਸਤੀ ਤੋਂ ਪਹਿਲਾਂ ਫ਼ਾਲਤੂ ਮਿੱਟੀ ਉਤਾਰ

•



ਗ਼ਰਦਿਸ਼ ਤੋਂ ਅੱਖ ਬਚਾ ਕੇ, ਬੋਟਾਂ ਨੂੰ ਘਰ ਲੁਕੋ ਕੇ
ਇਸ ਦੌਰ ਦੇ ਪਰਿੰਦੇ ਉਡਦੇ ਨੇ ਪਰ ਲੁਕੋ ਕੇ

ਖ਼ਾਬਾਂ ’ਚ ਰੋਜ਼ ਬਣਦੇ ਟਿੱਬਿਆਂ ਨੇ ਜੀਰ ਲੈਣੇ
ਅੱਥਰੂ ਸਿਰ੍ਹਾਣੇ ਹੇਠਾਂ ਰੱਖਿਆ ਨਾ ਕਰ ਲੁਕੋ ਕੇ

ਉਹ ਰਾਤ ਦਾ ਮੁਸਾਫ਼ਿਰ, ਚੰਨ ਤਾਰਿਆਂ ’ਤੋਂ ਚੋਰੀ
ਖ਼ੁਦ ਨੂੰ ਮਖੌਲ ਕਰਦਾ ਅੰਦਰਲਾ ਡਰ ਲੁਕੋ ਕੇ

ਗਰਜ਼ਾਂ ਦੀ ਸ਼ਹਿ ਮਿਲੀ ਤਾਂ ਮੇਰੇ ਖ਼ਿਲਾਫ਼ ਹੋਇਆ
ਰੱਖਿਆ ਜੋ ਖਾਸ ਰਿਸ਼ਤਾ ਮੈਂ ਉਮਰ ਭਰ ਲੁਕੋ ਕੇ

ਜਾਂ ਤਾਂ ਮਸੀਹਾ ਹੋਣੋਂ ਮੁੱਕਰ ਜਾ ਤੂੰ ਹੁਣੇ ਹੀ
ਜਾਂ ਫਿਰ ਸਲੀਬ ਅਪਣੀ ਘਰ ਵਿਚ ਨਾ ਧਰ ਲੁਕੋ ਕੇ

•

ਸ਼ਾਮ ਨੂੰ ਦਰਵੇਸ਼ ਪੰਛੀ ਜਾਣਗੇ ਕਿਹੜੇ ਘਰੇ
ਕੇਸਰੀ ਨ੍ਹੇਰੀ ਉਡਾ ਕੇ ਲੈ ਗਈ ਪੱਤੇ ਹਰੇ

ਕਾਲੀਆਂ ਪੌਣਾਂ ਅਜੇ ਇਕ ਇਕ ਨੂੰ ਸੈਂਸਰ ਕਰਦੀਆਂ
ਪਿਆਸ ਨੇ ਬਰਸਾਤ ਨੂੰ ਜੋ ਖ਼ਤ ਲਿਖੇ ਦੁੱਖਾਂ ਭਰੇ

ਕਿਸ ਤਰ੍ਹਾਂ ਦਾ ਹੈ ਤੁਹਾਡਾ ਕੋਸ਼ ਇਸ ਅਨੁਸਾਰ ਤਾਂ
ਖ਼ਾਸ ਹੀ ਸਿਰ ਸੀਸ ਨੇ ਤੇ ਆਮ ਸਿਰ ਨੇ ਠੀਕਰੇ

ਕੀ ਪਤੈ ਉਹ ਸਿੱਧ ਕੀ ਕਰਨਾ ਹੈ ਚਾਹੁੰਦਾ ਇਸ ਤਰ੍ਹਾਂ
ਛਾਂ ਦੀ ਪੂਜਾ ਕਰਨ ਪਿੱਛੋਂ ਬਿਰਖ ਦੀ ਹੱਤਿਆ ਕਰੇ

ਹੋਰ ਕੀ ਬਚਿਆ ਹੈ ਜਿਸ ਦੀ ਭਾਲ ਵਿਚ ਪਾਗਲ ਹਵਾ
ਜਿਉਂਦਿਆਂ ਦੇ ਸਾਹ ਫਰੋਲੇ ਮੁਰਦਿਆਂ ਦੇ ਮਕਬਰੇ

ਖ਼ੂਬ ਹੈ ਤੇਰੀ ਕਲਾ ਪਰ ਕਰ ਨਾ ਏਨੀ ਵੀ ਕਮਾਲ
ਨਾ ਬਣਾ ਜੈਤੂਨ ਦੀ ਪੱਤੀ ਦੁਆਲੇ ਉਸਤਰੇ

ਬਾਂਸ ਦੀ ਪੋਰੀ 'ਚੋਂ ਜਿਹੜੀ ਪੌਣ ਕਢਦੀ ਹੈ ਸੁਰਾਂ
ਬਾਂਸ ਦਾ ਜੰਗਲ ਉਸੇ ਹੀ ਪੌਣ ਦੇ ਵਗਣੋਂ ਡਰੇ

•



ਹਰੇਕ ਕਤਰੇ ਦੇ ਵਿਚ ਨੇ ਖ਼ਤਰੇ
ਹਰੇਕ ਕਿਣਕੇ ਦੇ ਵਿਚ ਹਨ੍ਹੇਰੀ
ਜਲਾਂ ਥਲਾਂ ਦਾ ਸਫ਼ਰ ਹੈ ਮੇਰਾ
ਤੇ ਬੁਲਬੁਲੇ ਦੀ ਹੈ ਜੂਨ ਮੇਰੀ

ਜਿਗਰ 'ਚ ਕੋਈ ਤਰੰਗ ਕੰਬੇ
ਤਰੰਗ ਅੰਦਰ ਵਜੂਦ ਤੜਪੇ
ਸਮਝ ਨਾ ਆਈ ਸਿਆਣਿਆਂ ਨੂੰ
ਕਿ ਚੀਜ਼ ਕਿਹੜੀ ਹੈ ਕਿਸ ਨੇ ਘੇਰੀ

ਵਰੋਲਿਆਂ ਦੇ ਕਰੀਬ ਰਹਿ ਕੇ
ਫ਼ਜ਼ੂਲ ਦਾਅਵੇ ਜਤਾ ਰਹੇ ਹਾਂ
ਕਿ ਤੇਰੀ ਰੇਤੇ ਦੀ ਢੇਰੀ ਨਾਲੋਂ
ਹੈ ਵੱਡੀ ਮੇਰੀ ਇਹ ਰੇਤ ਢੇਰੀ

ਅਨੇਕ ਮੰਜ਼ਰ ਜ਼ਿਹਨ ਚ ਭਾਉਂਦੇ
ਹਜ਼ਾਰ ਯਾਦਾਂ ਦਾ ਮਨ ’ਚ ਖੌਰੂ
ਇਹੋ ਹੀ ਹਾਸਲ ਹੈ ਜ਼ਿੰਦਗੀ ਦਾ
ਸਕੂਨ ਥੋੜਾ ਤੜਪ ਬਥੇਰੀ

ਮਿਲਾਪ ਵਿਚ ਵੀ ਵਿਯੋਗ ਵਿਚ ਵੀ
ਉਸੇ ਹੀ ਸ਼ਿੱਦਤ ਦੇ ਨਾਲ ਆਉਂਦੇ
ਹਿਸਾਬਦਾਨਾਂ ਤੋਂ ਹੰਝੂਆਂ ਦੀ
ਫੜੀ ਗਈ ਨਾ ਇਹ ਹੇਰਾ ਫੇਰੀ

ਤੂੰ ਮੇਰੀ ਗੋਦੀ ’ਚ ਖੇਡ ਧੀਏ
ਤੂੰ ਮੇਰਾ ਦਿਲ ਨਾ ਫਰੋਲ ਹਾਲੇ
ਕਿ ਹਉਕਿਆਂ ਦੀ ਸਲੀਬ ਉੱਤੇ
ਅਜੇ ਨਾ ਲਟਕਣ ਦੀ ਉਮਰ ਤੇਰੀ

•

ਜੰਗਲ 'ਚ ਲੁਕਿਆ ਜਾਲ ਸੀ ਏਨੇ ਕਮਾਲ ਨਾਲ
ਤਿਤਲੀ ਉਲਝ ਕੇ ਰਹਿ ਗਈ ਚੰਬੇ ਦੀ ਡਾਲ ਨਾਲ

ਤੇਰੀ ਵਿਦਾਈ ਬਾਦ ਮੈਂ ਸੰਭਲਦਾ ਕਿਸ ਤਰ੍ਹਾਂ
ਹਿਲਦੀ ਸੀ ਇਹ ਜ਼ਮੀਨ ਵੀ ਹਿਲਦੇ ਰੁਮਾਲ ਨਾਲ

ਮਨ ਦੇ ਆਕਾਸ਼ ਵਿਚ ਕਦੇ ਤਨ ਦੀ ਜ਼ਮੀਨ 'ਤੇ
ਦੁਖ ਸੁਖ ਦੇ ਸ਼ਾਹੀ ਕਾਫ਼ਲੇ ਚਲਦੇ ਨੇ ਨਾਲ ਨਾਲ

ਤੇਰੇ ਮੁਰੀਦ ਅੱਗ 'ਤੇ ਨੱਚੇ ਸੀ ਖ਼ੂਬ ਪਰ
ਤੂੰ ਹੀ ਸੁਰਾਂ ਨਾ ਮੇਲੀਆਂ ਖ਼ੰਜਰ ਦੀ ਤਾਲ ਨਾਲ

ਕੀ, ਕੌਣ, ਕਿੱਥੇ, ਕਿਸ ਤਰ੍ਹਾਂ, ਕਿਹੜਾ, ਕਦੋਂ, ਕਿਵੇਂ
ਸਾਰੇ ਸਫ਼ਰ 'ਚ ਤੁਰ ਰਹੇ ਕਿੰਨੇ ਸਵਾਲ ਨਾਲ

ਮੇਰੀ ਗ਼ਜ਼ਲ ਦੇ ਦਿਲ 'ਚ ਉਹ ਸਾਰੇ ਹੀ ਲਹਿ ਗਏ
ਰੋਕੇ ਸੀ ਜਿਹੜੇ ਤੀਰ ਮੈਂ ਲਫ਼ਜ਼ਾਂ ਦੀ ਢਾਲ ਨਾਲ

•



ਕਿਸ ਤਰ੍ਹਾਂ ਦੀ ਵਾੜ ਉਹ ਜੰਗਲ ਦੁਆਲੇ ਕਰ ਗਏ
ਸਾਵਿਆਂ ਬਿਰਖਾਂ ਨੂੰ ਅਪਣੇ ਨਾਂ ਪਤੇ ਵਿੱਸਰ ਗਏ

ਅੱਗ ਦੀ ਬਰਸਾਤ ਵਿਚ ਪਿਘਲਣ ਦਾ ਕਿੰਨਾ ਖ਼ੌਫ਼ ਸੀ
ਆਂਦਰਾਂ ਕੋਲੋਂ ਪਨਾਹ ਮੰਗਣ ਲਈ ਖ਼ੰਜਰ ਗਏ

ਭੀੜ ਦੀਵਾਰਾਂ ਦੀ ਮੇਰੇ ਗਿਰਦ ਜੁੜਦੀ ਜਾ ਰਹੀ
ਲੋਕ ਜੋ ਦਰਵਾਜ਼ਿਆਂ ਵਰਗੇ ਸੀ, ਉਹ ਕਿੱਧਰ ਗਏ

ਖੱਟ ਕੇ ਤਾਰੇ ਜਦੋਂ ਉਹ ਪਰਤ ਕੇ ਆਏ ਘਰੀਂ
ਮੋਮਬੱਤੀਆਂ ਦੇ ਪਿਘਲਦੇ ਹੰਝੂਆਂ ਤੋਂ ਡਰ ਗਏ

ਮੋਹ ਦੀਆਂ ਫਸਲਾਂ ਨਮੋਸ਼ੀ ਨਾਲ ਹੀ ਮਰ ਜਾਣੀਆਂ
ਲੋਕ ਅਪਣੀ ਆਤਮਾ ਦੇ ਖੇਤ ਗਹਿਣੇ ਧਰ ਗਏ

ਝੀਲ ਦੇ ਪਾਣੀ 'ਤੇ ਤਨਹਾਈ ਦਾ ਪਹਿਰਾ ਵੇਖ ਕੇ
ਡਰ ਗਏ ਪੰਛੀ, ਪਿਆਸੇ ਹੋਣ ਤੋਂ ਮੁੱਕਰ ਗਏ

ਮੈਂ ਸਹੀ ਤਰਤੀਬ ਦੇ ਸਕਿਆ ਨਾ ਅਪਣੀ ਹੋਂਦ ਨੂੰ
ਚੀਸ ਇਕ ਉੱਠੀ ਤਾਂ ਪੰਜੇ ਤੱਤ ਹੀ ਬਿੱਖਰ ਗਏ

•

ਦੁਨੀਆ ਭਰ ਦਾ ਨਿਕ ਸੁੱਕ ਲੋਕੀਂ ਭਰਨ ਮਕਾਨਾਂ ਅੰਦਰ
ਆਖ਼ਰ ਬੂਹੇ ਢੋ ਤੁਰ ਜਾਂਦੇ ਕਬਰਸਤਾਨਾਂ ਅੰਦਰ

ਮੇਰੀ ਛੱਤ ਉੱਤੇ ਵੀ ਅਕਸਰ ਧੂੜ ਉਨ੍ਹਾਂ ਦੀ ਪੈਂਦੀ
ਜੋ ਵੀ ਤਾਰੇ ਟੁਟਦੇ ਹੋਰਾਂ ਦੇ ਅਸਮਾਨਾਂ ਅੰਦਰ

ਫੁੱਲਾਂ ਦੀ ਤਾਰੀਫ਼ ਕਰਨ ਉਹ ਮੇਰੇ ਘਰ ਵਿਚ ਆ ਕੇ
ਅੱਖ ਬਚਾ ਤੇਜ਼ਾਬ ਡੋਲ੍ਹਦੇ ਪਰ ਗ਼ੁਲਦਾਨਾਂ ਅੰਦਰ

ਸੌ ਫ਼ਿਕਰਾਂ ਵਿਚ ਡੁੱਬਿਆ ਸਾਗਰ ਅੰਦਰ ਇੱਕ ਜਜ਼ੀਰਾ
ਲਿਸ਼ਕ ਰਿਹਾ ਇਕ ਅੱਥਰੂ ਠਿੱਲ੍ਹਿਆ ਜਦ ਤੂਫ਼ਾਨਾਂ ਅੰਦਰ

ਸੀਨੇ ਵਿਚ ਕੁਕਨੂਸ ਜਿਹਾ ਦਿਲ ਹੋਣਾ ਬਹੁਤ ਜ਼ਰੂਰੀ
ਡਿੱਗਣਾ ਪੈ ਸਕਦਾ ਹੈ ਸਿਖ਼ਰਾਂ ਤੋਂ ਢਲਵਾਨਾਂ ਅੰਦਰ

ਉੱਡਣਾ ਹੋਵੇ ਤਾਂ ਚਾਹਤ ਦੇ ਪਰ ਹੀ ਕਾਫ਼ੀ ਹੁੰਦੇ
ਉੱਗਣਾ ਹੋਵੇ ਤਾਂ ਉੱਗ ਪੈਂਦੇ ਬੀਜ ਚਟਾਨਾਂ ਅੰਦਰ

•



ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟਣ ਗਿਆ ਨਾ ਆਇਆ
ਮਾਂ ਵੀ ਭੁੱਲਿਆ, ਮਾਂ-ਬੋਲੀ ਵੀ ਭੁੱਲਿਆ ਮਾਂ ਦਾ ਜਾਇਆ

ਪੈਰਾਂ ਹੇਠਾਂ ਅੱਗ ਸੀ ਏਨੀ ਦਿਲ ਤੱਕ ਛਾਲੇ ਹੋਏ
ਆਖ਼ਰ ਤਪਦੀ ਮਿੱਟੀ ਛੱਡ ਕੇ ਬਰਫ਼ਾਂ ਵੱਲ ਉਹ ਧਾਇਆ

ਸੂਲ਼ੀ ਚੜ੍ਹ ਪਰਦੇਸੀ ਰੁੱਖ ਤੋਂ ਪੌਂਡ ਬਥੇਰੇ ਤੋੜੇ
ਰੂਹ ਨੂੰ ਚੜ੍ਹਿਆ ਤਾਪ ਨਾ ਟੁੱਟਿਆ, ਹੋਇਆ ਦੂਣ ਸਵਾਇਆ

ਵਤਨੋਂ ਆਈ ਚਿੱਠੀ ਸੌਵੀਂ ਵਾਰ ਪੜ੍ਹਨ ਤੋਂ ਪਿੱਛੋਂ
ਅੱਥਰੂ ਪੀ ਕੇ ਉਸ ਨੇ ਕੌੜਾ ਪਾਣੀ ਮੂੰਹ ਨੂੰ ਲਾਇਆ

ਯਾਦ ਬੜਾ 'ਹੈਰੀ' ਨੂੰ ਆਇਆ ਉਹ 'ਹਰਦੇਵ' ਨਿਆਣਾ
ਸੁਫ਼ਨੇ ਵਿਚ ਜਦ ਲਾਡ ਲਡਾਉਂਦਾ ਦਿਸਿਆ ਅਰਜਣ ਤਾਇਆ

ਤਨ ਦੀ ਪਿਆਸ ਬੁਝੀ, ਮਨ ਤੜਪੇ, ਜੜ੍ਹ ਉਖੜੀ, ਪੱਤ ਪੀਲੇ
ਰੋਜ਼ ਹਿਸਾਬ ਕਰੇ ਉਹ ਉੱਠ ਕੇ ਕੀ ਖੋਇਆ ਕੀ ਪਾਇਆ

•

ਜੇ ਠਿੱਲ੍ਹ ਨਾ ਸਕਦੇ ਤਾਂ ਚੁਪ ਰਹੋ ਜੀ
ਤੇ ਪਰਤ ਜਾਓ ਤੁਸੀਂ ਘਰਾਂ ਨੂੰ
ਆਵਾਜ਼ ਕੰਢਿਆਂ ਤੋਂ ਮਾਰਦੇ ਕਿਉਂ
ਸਮੁੰਦਰਾਂ ਦੇ ਮੁਸਾਫਰਾਂ ਨੂੰ

ਪਰਾਏ ਅੰਬਰ ’ਚੋਂ ਪੰਛੀਆਂ ਦੇ
ਨਾ ਖ਼ਤ ਮਿਲਣਗੇ ਨਾ ਖ਼ਬਰ ਕੋਈ
ਮਿਲੇਗੀ ਕੂੰਜਾਂ ਦੀ ਵਿਲਕਣੀ ਹੀ
ਉਡੀਕ ਕਰਦੇ ਸਰੋਵਰਾਂ ਨੂੰ



ਜਿਮੀਂ ਤੋਂ ਲੈ ਕੇ ਸਿਤਾਰਿਆਂ ਤਕ
ਉਜਾੜ ਤੋਂ ਸਭ ਨਜ਼ਾਰਿਆਂ ਤਕ
ਜ਼ਰਾ ਕੁ ਧਰਤੀ ਵਸੇਬੇ ਖ਼ਾਤਰ
ਮਿਲੀ ਨਾ ਧੁਰ ਦੇ ਮੁਹਾਜਰਾਂ ਨੂੰ

ਖ਼ਾਮੋਸ਼ੀ ਏਨੀ ਕਿ ਵਰਕਿਆਂ ਨੂੰ
ਇਬਾਰਤਾਂ ਦੇ ਵੀ ਸਾਹ ਨਾ ਸੁਣਦੇ
ਹੈ ਸ਼ੋਰ ਏਨਾ ਕਿ ਆਪਣੇ ਹੀ
ਸੁਖ਼ਨ ਨਾ ਸੁਣਦੇ ਸੁਖ਼ਨਵਰਾਂ ਨੂੰ

ਮੈਂ ਉਹਨਾਂ ਲੋਕਾਂ ਨੂੰ ਜਾਣਦਾ ਹਾਂ
ਜਿਨ੍ਹਾਂ ਨੂੰ ਲੱਗੀਆਂ ਅਜੀਬ ਤੇਹਾਂ
ਕਿਸੇ ਦੇ ਹਿੱਸੇ ਦੀ ਜ਼ਹਿਰ ਪੀ ਕੇ
ਸਕੂਨ ਦਿੰਦੇ ਜੋ ਆਂਦਰਾਂ ਨੂੰ

ਮੇਰੇ ਗਰਾਂ ਦੇ ਸਿਆਣੇ ਸ਼ਾਇਰ
ਬਣਾ ਕੇ ਰਖਦੇ ਨੇ ਦੋਹੀਂ ਪਾਸੀਂ
ਕਲਾਮ ਲਿਖਦੇ ਨੇ ਮੁਫ਼ਲਿਸਾਂ ਦਾ
ਸਲਾਮ ਕਰਦੇ ਨੇ ਤਾਜਰਾਂ ਨੂੰ

•

ਏਨੀ ਖ਼ਾਮੋਸ਼ੀ ਨਈਂ ਚੰਗੀ ਖੁੱਲ੍ਹ ਕੇ ਬੋਲਣ ਵੇਲੇ
ਲਫ਼ਜ਼ਾਂ ਤੋਂ ਕੀ ਓਹਲਾ ਅਪਣਾ ਦਰਦ ਫਰੋਲਣ ਵੇਲੇ

ਮੁੱਠੀ ਵਿਚਲੇ ਕੈਦ ਸਮੁੰਦਰ ਦੀ ਚਿੰਤਾ ਸੀ ਤੈਨੂੰ
ਸੜਦੇ ਜੰਗਲ 'ਤੇ ਪਾਣੀ ਦੀ ਗੜਵੀ ਡੋਲ੍ਹਣ ਵੇਲੇ

ਮਨ ਦੇ ਅਣਗਾਹੇ ਅੰਬਰ ਵਿਚ ਤਾਂ ਤੂੰ ਘੁੰਮ ਫਿਰ ਆਇਐਂ
ਕਿੱਥੇ ਸੀ ਅਣਤੋਲੀ ਧਰਤੀ ਦੇ ਦੁੱਖ ਤੋਲਣ ਵੇਲੇ

ਗੱਲੀਂ ਬਾਤੀਂ ਕਰਨ ਵਿਵਸਥਾ ਦਾ ਉਹ ਪੁਰਜ਼ਾ ਪੁਰਜ਼ਾ
ਡਰ ਜਾਂਦੇ ਪਰ ਅੰਦਰਲੇ ਪੇਚਾਂ ਨੂੰ ਖੋਲ੍ਹਣ ਵੇਲੇ

ਮੰਜ਼ਿਲ, ਮਕਸਦ, ਮੌਤ ਨੂੰ ਅਕਸਰ ਭੁੱਲ ਜਾਂਦਾ ਹੈ ਬੰਦਾ
ਪਿਓ ਦਾਦੇ ਦੀਆਂ ਕਬਰਾਂ ਪੈਰਾਂ ਹੇਠ ਮਧੋਲਣ ਵੇਲੇ

ਦਿਲ ਦੇ ਸਾਗਰ ਅੰਦਰ ਡੂੰਘਾ ਲਹਿ ਕੇ ਵੀ ਕੀ ਮਿਲਣਾ
ਸਾਹ ਤੇਰਾ ਟੁੱਟ ਜਾਣਾ ਅਸਲੀ ਵਸਤੂ ਟੋਲਣ ਵੇਲੇ

•



ਅਟਕੇ ਹੋਏ ਹਾਂ ਇੱਕ ਹੀ ਨੁਕਤੇ 'ਤੇ ਦੇਰ ਤੋਂ
ਹੋਵੇ ਸ਼ੁਰੂ ਇਹ ਵਾਰਤਾ ਇਕ ਵਾਰ ਫੇਰ ਤੋਂ

ਆਏ ਸੀ ਬਣ ਕੇ ਦੂਤ ਉਹ ਪੁੰਨਿਆਂ ਦੇ ਚੰਨ ਦੇ
ਦੀਵੇ ਉਠਾ ਕੇ ਲੈ ਗਏ ਘਰ ਦੀ ਮੰਡੇਰ ਤੋਂ

ਦੁੱਖਾਂ ਦੀ ਪੰਡ ਖੋਲ੍ਹ ਨਾ ਬੁੱਤਾਂ ਦੇ ਸਾਹਮਣੇ
ਐਵੇਂ ਨਾ ਮੋਤੀ ਵਾਰ ਤੂੰ ਮਿੱਟੀ ਦੇ ਢੇਰ ਤੋਂ

ਅੱਗੇ ਨੇ ਤੇਰੇ ਦਲਦਲਾਂ ਪਿੱਛੇ ਨੇ ਜ਼ਲਜ਼ਲੇ
ਆਉਂਦੇ ਜਦੋਂ ਵੀ ਹਾਦਸੇ ਆਉਂਦੇ ਚੁਫ਼ੇਰ ਤੋਂ

ਏਦਾਂ ਨਾ ਦਿਨ ਚੜ੍ਹੇ ਕਿ ਮੈਨੂੰ ਆਖਣਾ ਪਵੇ
ਚੰਗੀ ਸੀ ਕਾਲੀ ਰਾਤ ਹੀ ਐਸੀ ਸਵੇਰ ਤੋਂ

•

ਤੇਰੇ ਅੰਬਰ 'ਚ ਮੈਨੂੰ ਪਰਿੰਦੇ ਨੂੰ ਤਾਂ
ਖੰਭ ਖੋਲ੍ਹਣ ਦੀ ਭਾਵੇਂ ਇਜਾਜ਼ਤ ਨਹੀਂ
ਮੇਰੇ ਸੀਨੇ 'ਚ ਐਸਾ ਇਲਾਕਾ ਵੀ ਹੈ
ਜਿਸ ਇਲਾਕੇ 'ਚ ਤੇਰੀ ਹਕੂਮਤ ਨਹੀਂ

ਇਸ ਗਰਾਂ ਦੇ ਅਵੱਲੇ ਹੀ ਦਸਤੂਰ ਨੇ
ਏਥੇ ਗ਼ਰਜ਼ਾਂ ਦੇ ਰਿਸ਼ਤੇ ਹੀ ਮਨਜ਼ੂਰ ਨੇ
ਲੈ ਜਾ ਵਾਪਸ ਮੁਹੱਬਤ, ਵਫ਼ਾ, ਦੋਸਤੀ
ਏਹਨਾਂ ਚੀਜ਼ਾਂ ਦੀ ਏਥੇ ਜ਼ਰੂਰਤ ਨਹੀਂ



ਮੰਨਿਆ ਦੂਰ ਤੀਕਰ ਹੈ ਵੀਰਾਨਗੀ
ਇਸ ਦੇ ਓਹਲੇ ਲੁਕੇ ਹੋਏ ਤੂਫ਼ਾਨ ਵੀ
ਫੇਰ ਵੀ ਇਹ ਸਫ਼ਰ ਮੁਲਤਵੀ ਕਰਨ ਨੂੰ
ਮੈਂ ਜ਼ਰਾ ਵੀ ਤੇਰੇ ਨਾਲ ਸਹਿਮਤ ਨਹੀਂ

ਆਤਮਾ ਵਿਚ ਲੁਕੇ ਹੋਏ ਮੁਜਰਿਮ ਸਣੇ
ਤੂੰ ਕਿਵੇਂ ਜਾਏਂਗਾ ਆਈਨੇ ਸਾਹਮਣੇ
ਸੱਚ ਦੇਖਣ ਦੀ ਤੇਰੇ 'ਚ ਹਿੰਮਤ ਨਹੀਂ
ਝੂਠ ਬੋਲਣ ਦੀ ਸ਼ੀਸ਼ੇ ਨੂੰ ਆਦਤ ਨਹੀਂ

ਪੌਣ,ਪਾਣੀ, ਅਗਨ ਸਾਰੇ ਗ਼ਰਦਿਸ਼ 'ਚ ਨੇ
ਲੋਕ ਖ਼ੁਦ ਨੂੰ ਪਛਾਨਣ ਦੀ ਕੋਸ਼ਿਸ਼ 'ਚ ਨੇ
ਅਕਸ ਤਕਦੇ ਨੇ ਝੀਲਾਂ 'ਚ ਜਿਸਮਾਂ ਦੇ ਹੀ
ਅਸਲ ਤੇਹਾਂ ਦੀ ਕਰਦੇ ਸ਼ਨਾਖ਼ਤ ਨਹੀਂ

ਜਿੱਥੇ ਰੀਝਾਂ ਦਾ ਚੰਬਾ ਖਿੜੇ ਖੁੱਲ੍ਹ ਕੇ
ਰੰਗ ਸਾਰੇ ਮਿਲਣ ਵਿਤਕਰੇ ਭੁੱਲ ਕੇ
ਜਿੱਥੇ ਇਨਸਾਫ਼ ਸਭ ਨੂੰ ਮੁਕੰਮਲ ਮਿਲੇ
ਤੇਰੀ ਦੁਨੀਆ 'ਚ ਐਸੀ ਅਦਾਲਤ ਨਹੀਂ

•

ਜਹਾਨ ਫੇਰ ਹੀ ਹੋਏਗਾ ਬੇਹਤਰੀਨ ਤੇਰਾ
ਜੇ ਅਪਣੇ ਆਪ 'ਤੇ ਬਣਿਆ ਰਿਹਾ ਯਕੀਨ ਤੇਰਾ

ਕਦੇ ਤਾਂ ਏਸ ਦੇ ਲਾਵੇ 'ਚ ਫੁੱਲ ਹੱਸਣਗੇ
ਤੂੰ ਰੱਖੀਂ ਸਾਂਭ ਕੇ ਇਹ ਦਰਦ ਹੈ ਹੁਸੀਨ ਤੇਰਾ

ਜੇ ਧੂੜ ਪੈ ਗਈ ਅੱਖਾਂ 'ਚ ਫੇਰ ਕੀ ਹੋਇਆ
ਰਹੇ ਖ਼ਿਆਲ ਕਿ ਹੋਏ ਨਾ ਦਿਲ ਮਲੀਨ ਤੇਰਾ

ਤੂੰ ਪਰਤ ਆਏਂਗਾ ਵੰਝਲੀ ਦੇ ਵਿਚ ਹਵਾ ਬਣ ਕੇ
ਵਜੂਦ ਹੋ ਗਿਆ ਪੌਣਾਂ 'ਚ ਜੇ ਵਿਲੀਨ ਤੇਰਾ

ਚਲੋ ਜੇ ਥੱਕ ਹੀ ਗਿਆ ਤਾਂ ਤੂੰ ਸੂਰਜਾ ਸੌਂ ਜਾ
ਜਗਾ ਲਿਆ ਹੈ ਮੈਂ ਦੀਵਾ ਇਹ ਜਾਂਨਸ਼ੀਨ ਤੇਰਾ

ਬਰੀਕ ਤਾਰ ਕੋਈ ਫਿਰ ਗਈ ਜਿਉਂ ਦਿਲ ਅੰਦਰ
ਗ਼ਜ਼ਲ ਦਾ ਲਫ਼ਜ਼ ਲਫ਼ਜ਼ ਸੀ ਬਹੁਤ ਹੁਸੀਨ ਤੇਰਾ

•



ਕੁਝ ਇਸ ਤਰ੍ਹਾਂ ਹਾਂ ਲੰਮੀਆਂ ਔੜਾਂ 'ਚ ਜੀ ਰਹੇ
ਅਪਣੇ ਲਹੂ 'ਚੋਂ ਚੂਲ਼ੀਆਂ ਭਰ ਭਰ ਕੇ ਪੀ ਰਹੇ

ਲੰਘਦੀ ਜਹਾਜ਼ ਵਾਂਗਰਾਂ ਜੋ ਚੀਖ਼ ਗੂੰਜਦੀ
ਮਿਟਦੀ ਨਹੀਂ ਉਹ ਭਟਕਦੀ ਪੌਣਾਂ 'ਚ ਹੀ ਰਹੇ

ਬਲਦਾ ਰਿਹਾ ਸੀ ਜ਼ਖ਼ਮ ਦਾ ਦੀਵਾ ਵੀ ਰਾਤ ਭਰ
ਕਤਰੇ ਲਹੂ ਦੇ ਡਲ੍ਹਕਦੇ ਅੱਖਾਂ 'ਚ ਵੀ ਰਹੇ

ਖ਼ਾਬਾਂ ਦੇ ਮਿਰਗ ਮੁੜਨਗੇ ਰੋਹੀ 'ਚੋਂ ਕਿਸ ਤਰ੍ਹਾਂ
ਪਾਣੀ ਸਮਝ ਕੇ ਝੀਲ ਜੋ ਰੇਤੇ ਦੀ ਪੀ ਰਹੇ

ਜਿਉਂਦੇ ਨੇ ਲੋਕ ਸ਼ਹਿਰ ਦੀ ਸੋਗੀ ਫ਼ਿਜ਼ਾ 'ਚ ਵੀ
ਕਫ਼ਨਾਂ ਦੇ ਨਾਲ ਨਾਲ ਫਰਾਕਾਂ ਵੀ ਸੀ ਰਹੇ

ਤੋੜੇ ਤਮਾਮ ਪਿੰਜਰੇ ਆਉਂਦੇ ਸੀ ਜੋ ਨਜ਼ਰ
ਦਿਸਦੇ ਨਹੀਂ ਜੋ ਜਾਲ ਉਹ ਸੋਚਾਂ 'ਚ ਹੀ ਰਹੇ

ਰੂਹ ਦੇ ਪਤਾਲੋਂ ਉੱਠ ਕੇ ਭਰ ਦੇਵੇ ਜੋ ਖਲਾਅ
ਮੈਨੂੰ ਉਡੀਕ ਰੋਜ਼ ਉਸ ਆਵਾਜ਼ ਦੀ ਰਹੇ

•

ਧੜਕਣਾਂ ਸਾਹਾਂ ਦੀ ਗੂੜ੍ਹੀ ਦੋਸਤੀ ਖ਼ਤਰੇ 'ਚ ਹੈ
ਇਸ ਕਦਰ ਜਲ ਪੌਣ ਦੂਸ਼ਿਤ ਜ਼ਿੰਦਗੀ ਖ਼ਤਰੇ 'ਚ ਹੈ

ਖੰਭ ਖੋਲ੍ਹਣ ਨੂੰ ਕਿਤੇ ਮਹਿਫ਼ੂਜ਼ ਥਾਂ ਮਿਲਦੀ ਨਹੀਂ
ਇਸ ਫ਼ਿਜ਼ਾ ਵਿਚ ਧਰਤ ਕੀ ਅਸਮਾਨ ਵੀ ਖ਼ਤਰੇ 'ਚ ਹੈ

ਸੌ ਤਰਾਂ ਦੀ ਜ਼ਹਿਰ ਵਗਦੇ ਪਾਣੀਆਂ ਵਿਚ ਘੁਲ ਰਹੀ
ਮਛਲੀਓ ਰੁੱਖਾਂ 'ਤੇ ਜਾਓ, ਇਹ ਨਦੀ ਖ਼ਤਰੇ 'ਚ ਹੈ

ਅੰਬਰੋਂ ਬਾਰਿਸ਼ ਨਹੀਂ ਤੇਜ਼ਾਬ ਹੀ ਹੁਣ ਬਰਸਦਾ
ਸਾਵਿਓ ਪੱਤਿਓ ਤੁਹਾਡੀ ਤਾਜ਼ਗੀ ਖ਼ਤਰੇ 'ਚ ਹੈ

ਲੋਕ ਪਹਿਲਾਂ ਚੰਨ 'ਤੇ ਧੂੰਏਂ ਦੀ ਚਾਦਰ ਤਾਣਦੇ
ਫੇਰ ਕਹਿੰਦੇ ਨੇ ਕਿ ਇਸ ਦੀ ਚਾਨਣੀ ਖ਼ਤਰੇ 'ਚ ਹੈ

ਸ਼ੋਰ ਦੀ ਮਰਜ਼ੀ ਮੁਤਾਬਿਕ ਗੂੰਜਦੇ ਨੇ ਸਾਜ਼ ਇਹ
ਮੇਰਿਆਂ ਹੱਥਾਂ 'ਚ ਕੰਬਦੀ ਬੰਸਰੀ ਖ਼ਤਰੇ 'ਚ ਹੈ

•



ਇਹ ਬੇਜ਼ੁਬਾਨ ਬਿਰਖ ਨਾ ਤੂੰ ਚੀਰ ਜੰਗਲ ਦੇ
ਅਸੀਸ ਦੇਣਗੇ ਤੈਨੂੰ ਫ਼ਕੀਰ ਜੰਗਲ ਦੇ

ਹਰੇਕ ਸ਼ਖ਼ਸ ਹੀ ਸੰਦਲ ਤਲਾਸ਼ਦਾ ਏਥੇ
ਉਦਾਸ ਹੋ ਗਏ ਸਾਵੇ ਕਰੀਰ ਜੰਗਲ ਦੇ

ਤੇਰੇ ਬਦਨ 'ਤੇ ਵੀ ਰਹਿਣਾ ਨਾ ਰੇਸ਼ਮੀ ਬਾਣਾ
ਲਿਬਾਸ ਹੋ ਗਏ ਜੇ ਲੀਰ ਲੀਰ ਜੰਗਲ ਦੇ

ਉਦਾਸ ਰਾਤ 'ਚ ਕੋਇਲ ਦੀ ਹੂਕ ਸੁਣ ਸੁਣ ਕੇ
ਭਟਕ ਹੀ ਜਾਣ ਨਾ ਇਹ ਰਾਹਗੀਰ ਜੰਗਲ ਦੇ

ਅਸੀਂ ਜ਼ਮੀਨ ਨੂੰ ਖੁਰਨੋਂ ਤਾਂ ਰੋਕ ਸਕਦੇ ਹਾਂ
ਗ਼ਰੀਬ ਝਾੜ ਹਾਂ ਭਾਵੇਂ ਅਮੀਰ ਜੰਗਲ ਦੇ

•

ਦਰਦ ਦੀ ਪੁਸਤਕ ਪੜ੍ਹਨ ਵੇਲੇ ਜ਼ਰਾ ਰੱਖੀਂ ਖ਼ਿਆਲ
ਕੁਝ ਕੁ ਅਣਲਿਖਿਆ ਵੀ ਹੈ ਹਰ ਹਾਸ਼ੀਏ ਦੇ ਨਾਲ ਨਾਲ

ਬਲਦਿਆਂ ਬੱਦਲਾਂ ਦੀ ਸਿਰ 'ਤੇ ਗਸ਼ਤ ਇਹ ਚੰਗੀ ਨਹੀਂ
ਇਕ ਕਣੀ ਦੇ ਨਾਲ ਆ ਸਕਦੈ ਸਮੁੰਦਰ ਨੂੰ ਉਬਾਲ

ਜੇ ਤੁਹਾਡੇ ਸ਼ਬਦਕੋਸ਼ਾਂ ਵਿਚ ਨਹੀਂ ਇਕ ਵੀ ਕਣੀ
ਔੜ ਦੀ ਭਾਸ਼ਾ 'ਚ ਤਾਂ ਪੁੱਛੋ ਨਾ ਫਸਲਾਂ ਨੂੰ ਸਵਾਲ

ਸੁਰਖ਼ਰੂ ਹੋਏ ਹਾਂ ਕੰਧਾਂ 'ਤੇ ਬਣਾ ਕੇ ਸੂਲ਼ੀਆਂ
ਇਉਂ ਅਸੀਂ ਈਸਾ ਬਣਨ ਤੋਂ ਬਚ ਗਏ ਹਾਂ ਵਾਲ ਵਾਲ



ਬੁਰਜ ਦੇ ਅੰਦਰ ਅਜੇ ਵੀ ਸਲਤਨਤ ਨ੍ਹੇਰੇ ਦੀ ਹੈ
ਬੁਰਜੀਆਂ ਉੱਤੇ ਮਸ਼ਾਲਾਂ ਜਗਦੀਆਂ ਨੇ ਬੇਮਿਸਾਲ

ਖ਼ੂਬ ਰੋਂਦੇ ਨੇ ਤੇ ਸੁਰਮਾ ਵੀ ਖੁਰਨ ਦਿੰਦੇ ਨਹੀਂ
ਲੋਕ ਮਾਤਮ ਕਰਨ ਵੇਲੇ ਵੀ ਬੜਾ ਰੱਖਣ ਖ਼ਿਆਲ

ਤੇਰੇ ਦਿਲ ਢਾਹੂ ਜਵਾਬਾਂ ਨਾਲ ਮੈਂ ਮੁੱਕਿਆ ਨਾ ਸੀ
ਮੈਂ ਉਦੋਂ ਮੁੱਕਿਆ ਜਦੋਂ ਸੀ ਮੁੱਕ ਗਏ ਮੇਰੇ ਸਵਾਲ

ਜੇ ਲਹੂ ਵਿਚ ਖ਼ੌਫ਼ ਰੂਹ ਅੰਦਰ ਰਹੇ ਵੀਰਾਨਗੀ
ਧੜਕਣਾਂ ਵੀ ਲਗਦੀਆਂ ਫਿਰ ਹਾਦਸੇ ਦੀ ਪੈੜ-ਚਾਲ

ਸਮਝਣਾ ਔਖੈ ਕਿਵੇਂ ਹੈ ਜ਼ਹਿਰ ਕਟਦਾ ਜ਼ਹਿਰ ਨੂੰ
ਪੈਰ ਦਾ ਕੰਡਾ ਕਿਵੇਂ ਨਿੱਕਲਦਾ ਹੈ ਕੰਡੇ ਦੇ ਨਾਲ

•

ਕੋਈ ਮੰਜ਼ਰ ਨਹੀਂ ਹੁਣ ਰਾਸ ਆਉਂਦਾ
ਇਹ ਸਭ ਦਿਲਕਸ਼ ਨਜ਼ਾਰੇ ਆਰਜ਼ੀ ਨੇ
ਵਿਦਾ ਹੁੰਦਾ ਹਾਂ ਇਸ ਨਗਰੀ ’ਚੋਂ ਏਥੇ
ਹਵਾ, ਧੁੱਪ, ਰੰਗ, ਰਿਸ਼ਤੇ ਆਰਜ਼ੀ ਨੇ

ਕਿਸੇ ਅੱਥਰੂ ਦੀ ਸੱਚੀ ਹਾਜ਼ਰੀ ਵਿਚ
ਮਿਲਾਂਗੇ ਫਿਰ ਖ਼ੁਦੀ ਤੋਂ ਪਾਰ ਜਾ ਕੇ
ਹੁਣੇ ਆਪਾਂ ਜੋ ਆਪਸ ਵਿਚ ਵਟਾਏ
ਗਿਲੇ, ਸ਼ਿਕਵੇ, ਉਲਾਂਭੇ ਆਰਜ਼ੀ ਨੇ



ਮੇਰੀ ਧੁਖ਼ਦੀ ਕਥਾ ਸੁਣ ਤਾਂ ਲਈ ਪਰ
ਮੇਰੇ ਰਹਿਬਰ ਅਜੇ ਨਾ ਸਾਫ਼ ਹੋਏ
ਕਦੇ ਕਹਿੰਦੇ ਇਹ ਮਸਲੇ ਨੇ ਸਦੀਵੀ
ਕਦੇ ਕਹਿੰਦੇ ਇਹ ਮਸਲੇ ਆਰਜ਼ੀ ਨੇ

ਮੈਂ ਸੌ ਵਾਰੀ ਪਹਾੜੋਂ ਖ਼ਾਕ ਹੋਇਆਂ
ਤੇ ਅੰਦਰਲੀ ਅਗਨ ਵਿਚ ਰਾਖ ਹੋਇਆਂ
ਜਦੋਂ ਤਕ ਸ਼ਬਦ ਜ਼ਿੰਦਾ ਹੈ ਉਦੋਂ ਤਕ
ਮੇਰੀ ਹਸਤੀ ਨੂੰ ਖ਼ਤਰੇ ਆਰਜ਼ੀ ਨੇ

ਉਡੀਕਣ ਰਸਤਿਆਂ ਵਿਚ ਤੇਜ਼ ਧੁੱਪਾਂ
ਤੂੰ ਅਪਣੀ ਪੀੜ ਨੂੰ ਛਤਰੀ ਬਣਾ ਲੈ
ਤਸੱਵਰ ਬਿਰਖ ਦਾ ਜੋ ਚਿਤਵਿਆ ਤੂੰ
ਇਹਦੀ ਛਾਂ ਦੇ ਦਿਲਾਸੇ ਆਰਜ਼ੀ ਨੇ

ਭਿਆਨਕ ਰਾਤ ਵਿਚ ਦੀਵਾ ਲਹੂ ਦਾ
ਇਹ ਬਾਲੇਗਾ ਨਹੀਂ ਇਤਬਾਰ ਮੈਨੂੰ
ਬਦਲ ਸਕਦਾ ਹੈ ਸੂਲ਼ੀ ਕੋਲ ਆ ਕੇ
ਮਸੀਹੇ ਦੇ ਇਰਾਦੇ ਆਰਜ਼ੀ ਨੇ

•

ਮੇਰੀ ਥਾਵੇਂ ਲੋਕ ਜੋ ਭੁਗਤਣ ਸਜ਼ਾਵਾਂ ਕੌਣ ਨੇ
ਫਿਰ ਵੀ ਮੇਰੇ ਵਾਸਤੇ ਕਰਦੇ ਦੁਆਵਾਂ ਕੌਣ ਨੇ

ਹੁਣ ਤਾਂ ਮੈਂ ਖ਼ੁਦ ਨਾਲ ਵੀ ਸਹਿਮਤ ਨਹੀਂ ਹੁੰਦਾ ਕਦੇ
ਮੈਨੂੰ ਮੇਰੇ ਉਲਟ ਕਰ ਗਈਆਂ ਹਵਾਵਾਂ ਕੌਣ ਨੇ

ਮੈਂ ਤਾਂ ਅਪਣੇ ਸਹਿਜ ਮਾਰਗ ’ਤੇ ਹੀ ਚਲਦਾ ਹਾਂ ਘਰੋਂ
ਖਿਚਦੀਆਂ ਮੈਨੂੰ ਜੋ ਅਪਣੇ ਵੱਲ ਦਿਸ਼ਾਵਾਂ ਕੌਣ ਨੇ

ਔੜ ਵਿਚ ਬੂਟੇ ਤਾਂ ਹਰੀਆਂ ਵਾਦੀਆਂ ਨੂੰ ਤੁਰ ਗਏ
ਰੋਂਦੀਆਂ ਪਿੱਛੇ ਜੋ ਇਹ ਅਣਭੋਲ ਛਾਵਾਂ ਕੌਣ ਨੇ

ਆਪਣੀ ਤਰਫ਼ੋਂ ਮੁਹੱਬਤ ਹੀ ਅਸੀਂ ਹਾਂ ਬੀਜਦੇ
ਪਰ ਮਨਾਂ ਵਿਚ ਉਗਦੀਆਂ ਇਹ ਲਾਲਸਾਵਾਂ ਕੌਣ ਨੇ

ਸ਼ੂਕਦੇ ਦਰਿਆ ’ਚ ਕੱਚੇ ਆਸਰੇ ਤੈਰਨ ਦੀਆਂ
ਦੇਖਦੇ ਮੇਰੇ ’ਚ ਜੋ ਸੰਭਾਵਨਾਵਾਂ ਕੌਣ ਨੇ

•



ਭਿੱਜੀ ਹੰਝੂਆਂ ਨਾਲ ਸੀ ਝਾਂਜਰ ਅੱਧੀ ਰਾਤ ਨੂੰ
ਤਾਰਾ ਤਾਰਾ ਕਿਰ ਗਿਆ ਅੰਬਰ ਅੱਧੀ ਰਾਤ ਨੂੰ

ਇੱਕ ਪਰਿੰਦਾ ਗੁਟਕਦਾ, ਇਕਲਾਪੇ ਨੂੰ ਤੋੜਦਾ
ਬਾਰੀ ਵਿਚਦੀ ਆ ਗਿਆ ਦਿਲਬਰ ਅੱਧੀ ਰਾਤ ਨੂੰ

ਖ਼ਬਰੇ ਕਿਹੜੇ ਕਾਲ ਤੋਂ ਇਕ ਪਰਛਾਈਂ ਰੋਜ਼ ਹੀ
ਦੀਵਾ ਰਖਦੀ ਕਬਰ ’ਤੇ ਅਕਸਰ ਅੱਧੀ ਰਾਤ ਨੂੰ

ਖ਼ਾਬ ਸੀ ਸੂਹੀ ਰਿਸ਼ਮ ਦਾ,ਬਸ ਅਪਣੀ ਹੀ ਕਿਸਮ ਦਾ
ਸੀਨੇ ਵਿਚ ਜਿਉਂ ਲਹਿ ਗਿਆ ਖ਼ੰਜਰ ਅੱਧੀ ਰਾਤ ਨੂੰ

ਕਿੱਥੋਂ ਚੜ੍ਹ ਕੇ ਆ ਗਿਆ, ਨੀਂਦ 'ਚ ਖੌਰੂ ਪਾ ਗਿਆ
ਯਾਦਾਂ ਦਾ ਇਹ ਸ਼ੂਕਦਾ ਲਸ਼ਕਰ ਅੱਧੀ ਰਾਤ ਨੂੰ

ਜ਼ਖ਼ਮਾਂ ਦਾ ਮੋਹ ਚੰਦਰਾ, ਦਿਲ ਨੂੰ ਲਾ ਲੈ ਜੰਦਰਾ
ਝੱਲ ਨਾ ਹੋਣੀ ਤੜਪਦੀ ਆਂਦਰ ਅੱਧੀ ਰਾਤ ਨੂੰ

ਤੜਪ, ਉਦਾਸੀ, ਬੇਵਸੀ, ਡਰ, ਇਕਲਾਪਾ,ਤੀਰਗੀ
ਤੁਰਦੇ ਮੇਰੇ ਨਾਲ ਇਹ ਤਸਕਰ ਅੱਧੀ ਰਾਤ ਨੂੰ

ਚੜ੍ਹੀਆਂ ਨਦੀਆਂ ਲਹਿਣ ਦੇ,ਪੌਣਾਂ ਨੂੰ ਕੁਝ ਕਹਿਣ ਦੇ
ਬਸ ਕਰ ਹੁਣ ਤੂੰ ਰਹਿਣ ਦੇ,ਚੁੱਪ ਕਰ ਅੱਧੀ ਰਾਤ ਨੂੰ

ਸ਼ਾਇਰ ਸੀ ਘਬਰਾ ਗਿਆ, ਠੰਢ 'ਚ ਮੁੜ੍ਹਕਾ ਆ ਗਿਆ
ਆਪਸ ਵਿਚ ਹੀ ਲੜ ਪਏ ਅੱਖਰ ਅੱਧੀ ਰਾਤ ਨੂੰ

•



ਇਸ ਦੇ ਅੰਦਰ ਕਰਵਟਾਂ ਲੈਂਦਾ ਸੀ ਕੋਈ ਜ਼ਲਜ਼ਲਾ
ਖ਼ਾਕ ਦਾ ਜ਼ੱਰਾ ਜਦੋਂ ਮੈਂ ਤੋੜ ਕੇ ਸੀ ਦੇਖਿਆ

ਮੈਂ ਇਨ੍ਹਾਂ ਦੇ ਹਾਣ ਦੀ ਧਰਤੀ ਦੀ ਕਰਦਾ ਹਾਂ ਤਲਾਸ਼
ਤੂੰ ਖ਼ਲਾਅ ਵਿਚ ਲਟਕਦੇ ਤ੍ਰਿਸ਼ੰਕੂਆਂ ਨੂੰ ਦੇ ਹਵਾ

ਜੇ ਨਹੀਂ ਮੰਜ਼ਿਲ ਮਿਲੀ ਤਾਂ ਕੀ ਏ ਪੈਰਾਂ ਦਾ ਕਸੂਰ
ਪੈਰ ਤਾਂ ਚਲਦੇ ਰਹੇ ਰਸਤਾ ਹੀ ਪਿੱਛੇ ਮੁੜ ਗਿਆ

ਦਾਗ਼ ਹੁਣ ਤੜਪਾਏਗਾ ਤੈਨੂੰ ਤਵੇ 'ਤੇ ਬੂੰਦ ਜਿਉਂ
ਜ਼ਖ਼ਮ ਰੂਹ ਦਾ ਤੂੰ ਸਲੀਕੇ ਨਾਲ ਭਾਵੇਂ ਸੀ ਲਿਆ

ਰਿਸ਼ਤਿਆਂ ਵਿਚ ਹੋਰ, ਘਰ ਵਿਚ ਹੋਰ ਤੇ ਕੰਮਾਂ 'ਚ ਹੋਰ
ਆਦਮੀ ਹਰ ਰੋਜ਼ ਕਿੰਨੀ ਵਾਰ ਦੇਹੀ ਪਲਟਦਾ

ਦਰਦ, ਸ਼ਿੱਦਤ, ਲੋਰ ਤੇ ਇਕ ਯਾਦ ਮੇਰੇ ਨਾਲ ਸੀ
ਮੈਂ ਤਾਂ ਉਡਣਾ ਹੋਰ ਸੀ ਅਸਮਾਨ ਹੀ ਨਾ ਫੈਲਿਆ

ਇਹ ਮੁਸਾਫ਼ਿਰ ਤਾਂ ਕਿਤੇ ਪੁੱਜਣ ਲਈ ਤੁਰਦੇ ਨਹੀਂ
ਇਸ ਲਈ ਤੁਰਦੇ ਨੇ ਕਿ ਪਰਤਣ ਦਾ ਰਸਤਾ ਨਾ ਰਿਹਾ

ਵੇਚ ਕੇ ਰੂਹ ਦੀ ਫ਼ਕੀਰੀ ਮੁਕਟ ਲੈ ਆਇਆ ਹੈਂ ਤੂੰ
ਮੁਕਟ ਕੀ ਕਰਨਾ ਹੈ ਜੇ ਸਿਰ ਦਾ ਹੀ ਸੌਦਾ ਹੋ ਗਿਆ

ਜੇ ਤੂੰ ਸ਼ਾਇਰ ਹੈਂ ਤਾਂ ਮੇਰੀ ਤੜਪ ਨੂੰ ਆਵਾਜ਼ ਦੇ
ਜੇ ਮੁਸੱਵਰ ਹੈਂ ਤਾਂ ਮੇਰੀ ਪਿਆਸ ਦੀ ਮੂਰਤ ਬਣਾ

•



ਮੇਰੇ ਵਿਹੜੇ 'ਚ ਸਿਤਮ ਇਉਂ ਵੀ ਕਰੇ ਮੌਸਮ ਨੇ
ਸੁਰਖ਼ ਕਲੀਆਂ 'ਤੇ ਸਿਆਹ ਪੈਰ ਧਰੇ ਮੌਸਮ ਨੇ

ਬਰਫ਼ਬਾਰੀ 'ਚ ਵੀ ਇਹ ਧਰਤ ਸੁਲਗਦੀ ਰਹਿੰਦੀ
ਅੱਗ ਸੀਨੇ 'ਚ ਲੁਕੋਈ ਹੈ ਠਰੇ ਮੌਸਮ ਨੇ

ਕੋਈ ਮਾਸੂਮ ਚਮੇਲੀ ਨਾ ਕਿਤੇ ਖੋਲ੍ਹ ਲਵੇ
ਖ਼ਤ ਬਹਾਰਾਂ ਨੂੰ ਲਿਖੇ ਜ਼ਹਿਰ ਭਰੇ ਮੌਸਮ ਨੇ

ਤੇਰੀ ਨੀਂਦਰ 'ਚ ਗੁਲਾਬਾਂ ਦੀ ਮਹਿਕ ਘੋਲ ਗਿਆ
ਮੇਰੇ ਖ਼ਾਬਾਂ ਦੇ ਹਰੇ ਖੇਤ ਚਰੇ ਮੌਸਮ ਨੇ

ਜੇ ਹਰੇ ਹੋਏ ਦੁਬਾਰਾ ਤਾਂ ਜੜ੍ਹਾਂ ਦੇ ਕਾਰਨ
ਬਿਰਖ ਚੱਟ ਕੇ ਨਾ ਕਦੇ ਕੀਤੇ ਹਰੇ ਮੌਸਮ ਨੇ

•

ਮਿਲਾ ਕੇ ਲਫ਼ਜ਼ਾਂ ’ਚ ਸੂਹਾ ਚਾਨਣ
ਮੈਂ ਤੇਰਾ ਚਿਹਰਾ ਉਲੀਕਦਾ ਹਾਂ
ਸੁਰਾਂ ’ਚ ਤੈਨੂੰ ਤਲਾਸ਼ਦਾ ਹਾਂ
ਗ਼ਜ਼ਲ ’ਚ ਤੈਨੂੰ ਉਡੀਕਦਾ ਹਾਂ

ਚਿਰਾਂ ਤੋਂ ਚੁਪ ਚੁਪ ਸੁਲਗ ਰਿਹਾ ਸਾਂ
ਕਿ ਧੜਕਣਾਂ ਵਿਚ ਉਬਾਲ ਉਠਿਆ
ਉਤਾਰਦਾ ਹਾਂ ਇਹ ਬੋਝ ਦਿਲ ਦਾ
ਤੁਹਾਨੂੰ ਲਗਦੈ ਕਿ ਚੀਕਦਾ ਹਾਂ

ਜਿਨ੍ਹਾਂ ਲਈ ਮੈਂ ਪਹਾੜ ਚੀਰੇ
ਲੁਕੋ ਕੇ ਚਿਹਰੇ ਉਹ ਲੰਘ ਜਾਂਦੇ
ਜਿਵੇਂ ਮੈਂ ਕੰਡਾ ਕਰੀਰ ਦਾ ਹਾਂ
ਜਿਵੇਂ ਮੈਂ ਪੁੱਤਰ ਸ਼ਰੀਕ ਦਾ ਹਾਂ

ਮੈਂ ਹੋਰ ਰਾਹਾਂ ਲਈ ਹਾਂ ਬਣਿਆ
ਇਹ ਮੇਰਾ ਰਸਤਾ ਨਹੀਂ ਹੈ ਹਰਗਿਜ਼
ਜੋ ਮੇਰਾ ਰਸਤਾ ਨਹੀਂ ਹੈ ਉਸ ’ਤੇ
ਮਸਾਂ ਹੀ ਖ਼ੁਦ ਨੂੰ ਧਰੀਕਦਾ ਹਾਂ

•



ਖ਼ਤਮ ਹੋ ਜਾਵਾਂਗੇ ਜੇ ਇਕ ਪਲ ਵੀ ਹੋਏ ਬੇਧਿਆਨ
ਵਕਤ ਦੇ ਬੇਦਰਦ ਪਹੀਏ ਹੇਠ ਆਇਆ ਵਰਤਮਾਨ

ਕੋਈ ਧਿਰ ਚੁਣਨੀ ਪਵੇਗੀ, ਬਚ ਨਹੀਂ ਸਕਦੇ ਅਸੀਂ
ਇਸ ਨਿਰੰਤਰ ਜੰਗ ਦੇ ਰਸਤਾ ਨਹੀਂ ਹੈ ਦਰਮਿਆਨ

ਖੋਲ੍ਹ ਦੇ ਗੰਢਾਂ ਤੇ ਦੱਬੀ ਚੀਖ਼ ਨੂੰ ਕਰਦੇ ਰਿਹਾਅ
ਏਸ ਤੋਂ ਪਹਿਲਾਂ ਕਿ ਘਟ ਜਾਵੇ ਲਹੂ ਦਾ ਤਾਪਮਾਨ

ਇਸ ਕਦਰ ਮੁਸ਼ਕਿਲ ਨਾ ਹੁੰਦਾ ਇਹ ਸਮੁੰਦਰ ਦਾ ਸਫ਼ਰ
ਜੇ ਬਦਲ ਲੈਂਦੇ ਜਹਾਜ਼ਾਂ ਦੇ ਪੁਰਾਣੇ ਬਾਦਬਾਨ

ਕੌਣ ਜਾਣੇ ਬਾਗ਼ ਦੇ ਮਹਿਕਣ ਲਈ ਹੋਏ ਜ਼ਿਬਾਹ
ਕਿੰਨੇ ਫੁੱਲਾਂ ਦੇ ਕਬੀਲੇ, ਤਿਤਲੀਆਂ ਦੇ ਖ਼ਾਨਦਾਨ

ਗੂੜ੍ਹੀਆਂ ਛਾਵਾਂ 'ਚ ਬੈਠੇ ਲੋਕ ਪੜ੍ਹਦੇ ਨੇ ਕਦੋਂ
ਤਪਦਿਆਂ ਰਾਹਾਂ 'ਤੇ ਪੈਰਾਂ ਨੇ ਲਿਖੀ ਜੋ ਦਾਸਤਾਨ

ਬਸ ਤੁਸੀਂ ਵਿਸ਼ਵਾਸ ਹੀ ਕੀਤਾ ਨਹੀਂ ਤੇ ਮੁੜ ਗਏ
ਸੂਤ ਦੀ ਰੱਸੀ ਨੇ ਕੱਟ ਦੇਣੀ ਸੀ ਰਾਹ ਵਿਚਲੀ ਚਟਾਨ

ਪੌਣ ਨਾਲੋਂ ਤੇਜ਼ ਰਥ ਉੱਤੇ ਹੈ ਇੰਡੀਆ ਜਾ ਰਿਹਾ
ਧੂੜ ਵਿਚ ਗੱਡੇ 'ਤੇ ਪਿੱਛੇ ਆ ਰਿਹਾ ਹਿੰਦੋਸਤਾਨ

ਗੂੰਜਦੇ ਪੌਣਾਂ 'ਚ ਅਜ਼ਲਾਂ ਤੀਕ ਦਰਵੇਸ਼ਾਂ ਦੇ ਬੋਲ
ਸ਼ਹਿਨਸ਼ਾਹਾਂ ਦੇ ਸ਼ਿਲਾਲੇਖਾਂ ਤੋਂ ਮਿਟ ਜਾਂਦੇ ਨਿਸ਼ਾਨ

•



ਮਸਲਾ ਹੈ ਮੇਰਾ ਘਰ ਦੀਆਂ ਕੰਧਾਂ ਬਚਾਉਣ ਦਾ
ਉਹ ਦੇ ਰਹੇ ਨੇ ਮਸ਼ਵਰਾ ਮਲਬਾ ਉਠਾਉਣ ਦਾ

ਕੰਡੇ ਡੁਬੋ ਕੇ ਜ਼ਹਿਰ ਵਿਚ ਰਾਹਾਂ 'ਚ ਧਰ ਗਏ
ਵਾਅਦਾ ਸੀ ਪੈਰ ਪੈਰ 'ਤੇ ਕਲੀਆਂ ਵਿਛਾਉਣ ਦਾ

ਘਰ ਦੇ ਚਿਰਾਗ਼ ਤਿੜਕਦੇ ਦੇਖੇ ਨਹੀਂ ਅਸੀਂ
ਸਾਨੂੰ ਤਾਂ ਸਿਰਫ਼ ਫ਼ਿਕਰ ਸੀ ਤਾਰੇ ਚੜ੍ਹਾਉਣ ਦਾ

ਕੱਚੇ ਘਰਾਂ 'ਤੇ ਵਰ੍ਹ ਗਈ ਫ਼ਸਲਾਂ ਨੂੰ ਛੱਡ ਕੇ
ਚਿਰ ਤੋਂ ਸੀ ਇੰਤਜ਼ਾਰ ਜਿਸ ਬਾਰਿਸ਼ ਦੇ ਆਉਣ ਦਾ

ਤਪਦੇ ਨੇ ਰਾਹ ਫੇਰ ਵੀ ਤੈਨੂੰ ਫਤੂਰ ਹੈ
ਜੰਗਲ ਦੇ ਬਿਰਖ ਗ਼ਮਲਿਆਂ ਅੰਦਰ ਉਗਾਉਣ ਦਾ

ਹਰ ਸ਼ਖ਼ਸ ਕਿੰਨੀ ਵਾਰ ਹੀ ਸੁਫ਼ਨਾ ਹੈ ਵੇਖਦਾ
ਚੀਚੀ ਦੇ ਉੱਤੇ ਸੁਲਗਦਾ ਪਰਬਤ ਟਿਕਾਉਣ ਦਾ

ਹੋਇਆ ਨਦੀ ਤੋਂ ਚੋਰੀਓਂ ਸਾਰਾ ਹੀ ਇੰਤਜ਼ਾਮ
ਪਾਣੀ ਨੂੰ ਰੇਤ, ਰੇਤ ਨੂੰ ਪੱਥਰ ਬਣਾਉਣ ਦਾ

•

ਪਿੰਡ ਦੀਆਂ ਮੰਜ਼ਿਲਾਂ ਉਦਾਸ ਕਰ ਜਾਂਦੀਆਂ
ਲੰਘਾਂ ਸਰਹਿੰਦ 'ਚੋਂ ਤਾਂ ਅੱਖਾਂ ਭਰ ਜਾਂਦੀਆਂ

ਜਿੰਨ੍ਹਾਂ ਵਿਚ ਜ਼ਿੰਦਗੀ ਦੇ ਗੀਤ ਬੇਸ਼ੁਮਾਰ ਸੀ
ਸਰਸਾ 'ਚੋਂ ਕਾਸ਼ ਉਹ ਕਿਤਾਬਾਂ ਤਰ ਜਾਂਦੀਆਂ

ਜੇ ਨਾ ਲਲਕਾਰ ਉਹ ਆਨੰਦਪੁਰੋਂ ਉੱਠਦੀ
ਪਾਣੀਆਂ 'ਚ ਉੱਠੀਆਂ ਤਰੰਗਾਂ ਮਰ ਜਾਂਦੀਆਂ

ਸਿਜਦਾ ਹਵਾਵਾਂ ਵੀ ਕਰਨ ਚਮਕੌਰ ਨੂੰ
ਕੱਚੀ ਗੜ੍ਹੀ ਅੱਗੇ ਤਾਜ਼ੇ ਫੁੱਲ ਧਰ ਜਾਂਦੀਆਂ

ਮਿੱਤਰ ਪਿਆਰੇ ਨੂੰ ਜੇ ਹਾਲ ਨਾ ਉਹ ਦਸਦਾ
ਜੂਹਾਂ ਮਾਛੀਵਾੜੇ ਦੀਆਂ ਹੋਰ ਠਰ ਜਾਂਦੀਆਂ

ਸੀਨੇ 'ਚ ਲੋਕਾਈ ਦੇ ਉਹ ਦੁੱਖ ਨਾ ਜੇ ਪਾਲਦਾ
ਪਾਲ਼ਾਂ ਮਜ਼ਲੂਮਾਂ ਦੀਆਂ ਕਿਹੜੇ ਦਰ ਜਾਂਦੀਆਂ

•



ਕੱਚ ਦੀਆਂ ਰਹੁ-ਰੀਤਾਂ ਰੱਖੋਗੇ ਕਦ ਤੀਕ ਬਚਾ ਕੇ
ਬੱਚੇ ਦੇਖ ਰਹੇ ਨੇ ਸਿੱਧੀਆਂ ਚੀਜ਼ਾਂ ਨੂੰ ਉਲਟਾ ਕੇ

ਚੜ੍ਹਦੇ ਲਹਿੰਦੇ ਐਸਾ ਕਾਰੋਬਾਰ ਨਹੀਂ ਸੀ ਸੁਣਿਆ
ਵੇਚ ਰਹੇ ਵਣਜਾਰੇ ਪੌਣਾਂ ਪਿੰਜਰਿਆਂ ਵਿਚ ਪਾ ਕੇ

ਧੁੱਪਾਂ ਹੱਸੀ ਜਾਣ ਤੁਹਾਡੀ ਏਸ ਸਿਆਣਪ ਉੱਤੇ
ਡੱਬ ਖੜੱਬੀਆਂ ਛਾਵਾਂ ਜੋੜ ਰਹੇ ਹੋ ਮੇਖਾਂ ਲਾ ਕੇ

ਸਭ ਰਿਸ਼ਤੇ ਹੀ ਨਰਦਾਂ, ਬਾਜ਼ੀ ਕੌਣ ਹਾਰਨੀ ਚਾਹੁੰਦਾ
ਲੋਕੀਂ ਮੇਲ ਮਿਲਾਪ 'ਚ ਰਖਦੇ ਨੇ ਸ਼ਤਰੰਜ ਵਿਛਾ ਕੇ

ਅੱਖਾਂ ਵਿਚ ਉਹ ਲਿਸ਼ਕ ਨਹੀਂ ਜੋ ਪਾ ਸਕਦੀ ਕੁਝ ਤੇੜਾਂ
ਹਰ ਵਾਰੀ ਮੁੜ ਆਉਂਦੇ ਹੋ ਸ਼ੀਸ਼ੇ ਵਿਚ ਅਕਸ ਗੁਆ ਕੇ

ਪੌਣਾਂ ਦੇ ਪਿੰਡੇ 'ਤੇ ਕਿਸ ਨੇ ਨਾਮ ਉਕਰਨਾ ਤੇਰਾ
ਜਿਸ ਦਾ ਸੀ ਤੂੰ ਸਾਇਆ ਉਹ ਹੀ ਡਿੱਗ ਪਿਆ ਗਸ਼ ਖਾ ਕੇ

ਛਤਰੀ ਹੀ ਅਸਮਾਨ ਜਿਨ੍ਹਾਂ ਦਾ ਕੀ ਉਹਨਾਂ ਤੋਂ ਆਸਾਂ
ਕਿੱਧਰ ਗਏ ਉਹ ਪੰਛੀ ਜੋ ਲੈ ਜਾਂਦੇ ਜਾਲ ਉਡਾ ਕੇ

ਏਸ ਗੁਫ਼ਾ ਦੇ ਅੰਦਰ ਵਿਛੀਆਂ ਕੋਹਾਂ ਤੀਕ ਸੁਰੰਗਾਂ
ਲੰਘ ਜਾ ਪਾਣੀ ਹੋ ਕੇ ਜਾਂ ਫਿਰ ਮੁੜ ਜਾ ਦਾਗ਼ ਲਵਾ ਕੇ

ਅੱਖਰ ਹੀ ਆਵਾਜ਼ਾਂ ਬਣਕੇ ਸਦਾ ਸਲਾਮਤ ਰਹਿੰਦੇ
ਪੱਥਰ ਤਾਂ ਰੇਤਾ ਹੋ ਜਾਂਦੇ ਆਖ਼ਰ ਅਉਧ ਹੰਢਾ ਕੇ

•



ਇਹ ਕੇਹੀ ਪਤਝੜ ਹੈ ਜਿਸ ਦੀ ਦਸਤਕ ਤੋਂ ਹੀ ਡਰ ਕੇ
ਪੱਤਿਆਂ ਦੀ ਥਾਂ ਪੰਛੀ ਡਿੱਗ ਰਹੇ ਨੇ ਇਕ ਇਕ ਕਰਕੇ

ਕੱਚ ਦੇ ਇਹ ਫ਼ਾਨੂਸ ਤੁਸੀਂ ਲੈ ਆਏ ਹੋ ਬਾਜ਼ਾਰੋਂ
ਸ਼ਾਹੂਕਾਰ ਹਨ੍ਹੇਰੇ ਕੋਲ ਮਸ਼ਾਲਾਂ ਗਹਿਣੇ ਧਰ ਕੇ

ਸਿੱਲ੍ਹੀ ਰੇਤ ਨਚੋੜਦੀਆਂ ਨੇ ਰੋਜ਼ ਤਿਹਾਈਆਂ ਚਿੜੀਆਂ
ਉੱਡ ਗਏ ਨੇ ਹੰਸ ਸਰੋਵਰ ਚੁੰਝਾਂ ਅੰਦਰ ਭਰ ਕੇ

ਵੀਰਾਨੇ ਵਿਚ ਭਟਕੇ ਮੇਰੀ ਹੀ ਤੇਹ ਕਿਉਂ ਹਰ ਵਾਰੀ
ਓਸ ਨਦੀ ਨੂੰ ਵੀ ਚਾਹੀਦਾ ਹੈ ਮੇਰੇ ਵੱਲ ਸਰਕੇ

ਡੂੰਘੀ ਕਾਲੀ ਰਾਤ ਨਦੀ ਵਿਚ ਡੁੱਬ ਗਏ ਨੇ ਤਾਰੇ
ਪਰਲੇ ਪਾਰ ਉਡੀਕ ਰਹੇ ਇਕ ਦੀਵੇ ਦੀ ਅੱਖ ਫਰਕੇ

ਮੈਂ ਜੋ ਲਿਖਿਆ ਰੂਹ ਦੀ ਲਿੱਪੀ ਵਿਚ ਲਿਖਿਆ ਹੈ ਯਾਰੋ
ਪੇਸ਼ ਤੁਹਾਡੀ ਖ਼ਿਦਮਤ ਵਿਚ ਨੇ ਦਿਲ ਦੇ ਸੂਹੇ ਵਰਕੇ

•